Fair Advice Financial | Carte Wealth Management Inc.

RDSP (Registered Disability Savings Plan)



- Disabled person who is eligible for Disability Tax Credit.
- And who is 49 years old or younger.
- By contributing in an RDSP Plan he/she may be eligible to receive up to$90,000 in government bonds & grants.

Contact :
647-951-7900

SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।।

# ਕੈਨੇਡੀਅਨ ਪੰਜਾਬੀ ਪੋਸਟ

Award Winning Newspaper Canadian Punjabi Post



JOSHI LAW OFFICE
Barrister, Solicitor & Notary Public



- Immigration
- Real Estate
- Commercial Law
- Affidavit
- Power of Attorney

Rakesh M. Joshi
B.A., LL.B

info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | Vol 20* Issue 228 | Friday, November 19, 2021 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ*


**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਜਗਤ, ਪਾਠਕਾਂ ਅਤੇ ਸਾਰੇ ਕਾਰੋਬਾਰੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ-ਲੱਖ ਵਧਾਈਆਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰਿਆਂ ਲਈ ਖੁਸ਼ੀਆਂ, ਤੰਦਰੁਸਤੀ ਤੇ ਤਰੱਕੀਆਂ ਵਾਲਾ ਹੋਵੇ।**







Greetings from -
Trillium Group of Companies

TRILLIUM ROADWAYS
Excellence on Roads Unprecedented in Service

Trillium Expedite
Trillium Logistics

T: 905-795-9666 | 1-877-840-6006
Email: info@trilliumroadways.ca
Fax: 905-795-9802 | www.trilliumroadways.ca

ੴ ਸਮੁੱਚੇ ਭਾਈਚਾਰੇ ਨੂੰ ਗੁਰੂ ਨਾਨਕ ਦੇਵ ਜੀ ਦੇ 552ਵੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ! ੴ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਦ ਜਗਿ ਚਾਨਣ ਹੋਆ!

Hon.
Prabmeet Sarkaria

MPP, BRAMPTON SOUTH



7700 Hurontario Street, Unit 412A, Brampton, ON L6Y 4M3 | 1.905.796.8669






*20 Maritime Ontario Blvd. Unit#23 ,*
*Brampton ON L6S 0C2*

**Office- 905-781-Team (8326)**

TOP PRODUCER TEAM
REALTY INC. BROKERAGE
"The name says it all"

# ਫਰਵਰੀ ਵਿੱਚ ਹਾਈ ਸਕੂਲ ਦੇ ਰੈਗੂਲਰ ਸਮੈਸਟਰਜ਼ ਸ਼ੁਰੂ ਕਰੇਗਾ ਓਨਟਾਰੀਓ




ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਉਹ ਫਰਵਰੀ ਤੋਂ ਹਾਈ ਸਕੂਲਜ਼ ਦੇ ਰੈਗੂਲਰ ਸਮੈਸਟਰਜ਼ ਸ਼ੁਰੂ ਕਰਨ ਜਾ ਰਹੇ ਹਨ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇਹ ਐਲਾਨ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਅਤੇ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਦੀ ਹਾਜ਼ਰੀ ਵਿੱਚ ਕੀਤਾ। ਸਰਕਾਰੀ ਅਧਿਕਾਰੀਆਂ ਨੇ ਆਖਿਆ ਕਿ ਸਕੂਲ ਬੋਰਡ ਜਲਦ ਇਹ ਤਬਦੀਲੀਆਂ ਕਰ ਸਕਦੇ ਹਨ ਬਸ਼ਰਤੇ ਉਨ੍ਹਾਂ ਕੋਲ ਉਨ੍ਹਾਂ ਦੇ ਲੋਕਲ ਪਬਲਿਕ ਹੈਲਥ ਯੂਨਿਟ ਦਾ ਸਮਰਥਨ ਹਾਸਲ ਹੋਵੇ।

ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਜੇ ਪਹਿਲਾਂ ਨਹੀਂ ਤਾਂ ਜਨਵਰੀ ਵਿੱਚ ਸ਼ੁਰੂ ਕਰਕੇ ਐਲੀਮੈਂਟਰੀ ਸਕੂਲਾਂ ਦੀਆਂ ਅਸੈਂਬਲੀਜ਼ ਵਰਚੂਅਲੀ ਕਰਵਾਈਆਂ ਜਾਣਗੀਆਂ। ਐਲੀਮੈਂਟਰੀ ਸਕੂਲਜ਼ ਵਿੱਚ ਅਸੈਂਬਲੀਜ਼ ਵਰਚੂਅਲ ਕਰਵਾਈਆਂ ਜਾਣਗੀਆਂ। ਐਲੀਮੈਂਟਰੀ ਸਕੂਲਾਂ ਵਿੱਚ ਲੰਚ ਤੇ ਬ੍ਰੇਕਜ਼ ਕਲਾਸਰੂਮਜ਼ ਵਿੱਚ ਹੀ ਹੋਣਗੀਆਂ।

# ਟਰੂਡੋ ਨੇ ਮੈਕਸਿਕੋ ਦੇ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ



ਓਟਵਾ, 18 ਨਵੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੀਰਵਾਰ ਨੂੰ ਵਾਸ਼ਿੰਗਟਨ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਤੋਂ ਪਹਿਲਾਂ ਮੈਕਸਿਕੋ ਦੇ ਰਾਸ਼ਟਰਪਤੀ ਆਂਦਰੇਸ ਮੈਨੂਅਲ ਲੋਪੇਜ਼ ਓਬਰਾਡੋਰ ਨਾਲ ਮੁਲਾਕਾਤ ਕੀਤੀ ਗਈ।

ਬੰਦ ਦਰਵਾਜ਼ਾ ਮੀਟਿੰਗ ਤੋਂ ਪਹਿਲਾਂ ਦੋਵਾਂ ਆਗੂਆਂ ਨੇ ਇੱਕ ਦੂਜੇ ਦਾ ਸਵਾਗਤ ਕੀਤਾ। ਇਸ ਮੌਕੇ ਟਰੂਡੋ ਨੇ ਆਖਿਆ ਕਿ ਮੈਕਸਿਕੋ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਲਈ ਉਹ ਤਾਂਘਵਾਣ ਹਨ। ਉਨ੍ਹਾਂ ਆਖਿਆ ਕਿ ਸਾਡੇ ਕੋਲ ਗੱਲਾਂ ਕਰਨ ਲਈ ਕਾਫੀ ਮੁੱਦੇ ਹਨ, ਕਈ ਮਾਮਲਿਆਂ ਵਿੱਚ ਅਸੀਂ ਸਹਿਮਤ ਹਾਂ ਤੇ ਕਈਆਂ ਵਿੱਚ ਸਾਡਾ ਤਾਲਮੇਲ ਕਮਾਲ ਦਾ ਹੈ। ਇਸ ਦੌਰਾਨ ਮੈਕਸਿਕੋ ਦੇ ਰਾਸ਼ਟਰਪਤੀ ਨੇ ਆਖਿਆ ਕਿ ਦੋਵੇਂ ਦੇਸ਼ਾਂ ਵਿੱਚ ਕਾਫੀ ਪਿਆਰ ਤੇ ਭਾਈਚਾਰਾ ਹੈ ਤੇ ਅਸੀਂ ਇੱਕ ਦੂਜੇ ਨਾਲ ਰਲ ਕੇ ਤੇ ਸਹਿਯੋਗ ਨਾਲ ਚੱਲਣਾ ਪਸੰਦ ਕਰਦੇ ਹਾਂ।

ਇਸ ਮੌਕੇ ਟਰੂਡੋ ਨਾਲ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ, ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਮਿਲੇਨੀ ਜੌਲੀ, ਕੌਮਾਂਤਰੀ ਟਰੇਡ ਮੰਤਰੀ ਮੈਰੀ ਐਨਜੀ ਤੇ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਵੀ ਮੌਜੂਦ ਸਨ। ਇਸ ਤੋਂ ਬਾਅਦ ਟਰੂਡੋ ਵੱਲੋਂ ਥ੍ਰੀ ਐਮੀਗੋਜ਼ ਸਮਿਟ ਦੇ ਹਿੱਸੇ ਵਜੋਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨਾਲ ਵੀ ਦੁਵੱਲੀ ਮੁਲਾਕਾਤ ਕੀਤੀ ਜਾਵੇਗੀ।

# ਐਮਰਜੈਂਸੀ ਵਾਲੇ ਹਾਲਾਤ ਨਾਲ ਸਿੱਝਣ ਲਈ 120 ਕੈਨੇਡੀਅਨ ਸੈਨਿਕ ਐਬਸਫੋਰਡ ਜਾਣਗੇ : ਆਨੰਦ



ਓਟਵਾ, 18 ਨਵੰਬਰ (ਪੋਸਟ ਬਿਊਰੋ) : ਬੀ ਸੀ ਵਿੱਚ ਹੜ੍ਹਾਂ ਕਾਰਨ ਪੈਦਾ ਹੋਏ ਐਮਰਜੰਸੀ ਵਾਲੇ ਹਾਲਾਤ ਨਾਲ ਸਿੱਝਣ ਲਈ 120 ਕੈਨੇਡੀਅਨ ਸੈਨਿਕ ਐਬਸਫੋਰਡ ਜਾਣਗੇ। ਇਸਦੀ ਪੁਸ਼ਟੀ ਰੱਖਿਆ ਮੰਤਰੀ ਅਨੀਤਾ ਆਨੰਦ ਵੱਲੋਂ ਕੀਤੀ ਗਈ।

ਐਮਰਜੰਸੀ ਪ੍ਰਿਪੇਅਰਡਨੈੱਸ ਮੰਤਰੀ ਬਿੱਲ ਬਲੇਅਰ, ਟਰਾਂਸਪੋਰਟ ਮੰਤਰੀ ਓਮਰ ਅਲਘਬਰਾ, ਕੁਦਰਤੀ ਵਸੀਲਿਆਂ ਬਾਰੇ ਮੰਤਰੀ ਜੌਨਾਥਨ ਵਿਲਕਿੰਸਨ ਦੀ ਮੌਜੂਦਗੀ ਵਿੱਚ ਆਨੰਦ ਨੇ ਆਖਿਆ ਕਿ ਅਗਲੇ 30 ਦਿਨਾਂ ਲਈ, ਤੇ ਲੋੜ ਪੈਣ ਉੱਤੇ ਇਸ ਤੋਂ ਵੀ ਜ਼ਿਆਦਾ ਸਮੇਂ ਲਈ, ਇਸ ਸੰਕਟ ਦੀ ਘੜੀ ਵਿੱਚੋਂ ਬੀ ਸੀ ਵਾਸੀਆਂ ਨੂੰ ਬਾਹਰ ਕੱਢਣ ਲਈ, ਕੈਨੇਡੀਅਨ ਸੈਨਿਕ ਉੱਥੇ ਰਹਿਣਗੇ।

ਇਹ ਸੈਨਿਕ ਲੋਕਾਂ ਨੂੰ ਸੁਰੱਖਿਅਤ ਥਾਂਵਾਂ ਉੱਤੇ ਪਹੁੰਚਾਉਣ, ਲੋੜਵੰਦਾਂ ਦੀ ਮਦਦ ਕਰਨ, ਕਿਸੇ ਥਾਂ ਉੱਤੇ ਫਸੇ ਲੋਕਾਂ ਨੂੰ ਬਾਹਰ ਕੱਢਣ, ਪ੍ਰੋਵਿੰਸ਼ੀਅਲ ਸਪਲਾਈ ਚੇਨ ਨੂੰ ਬਚਾਉਣ, ਰਾਹਤ ਕਾਰਜ ਸ਼ੁਰੂ ਕਰਨ ਲਈ ਹੜ੍ਹਾਂ ਦੇ ਅਸਰ ਦੀ ਜਾਂਚ ਕਰਨ ਤੇ ਬੁਨਿਆਦੀ ਢਾਂਚੇ ਨੂੰ ਬਚਾਉਣ ਵਿੱਚ ਲੋਕਲ ਅਧਿਕਾਰੀਆਂ ਦੀ ਮਦਦ ਕਰਨਗੇ। ਹੜ੍ਹਾਂ ਨੇ ਸੱਭ ਤੋਂ ਵੱਧ ਮਾਰ ਪ੍ਰੋਵਿੰਸ ਦੇ ਦੱਖਣਪੱਛਮੀ ਇਲਾਕੇ ਵਿੱਚ ਮਾਰੀ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਆਪਣੇ ਘਰ ਬਾਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ।

ਐਬਸਫੋਰਡ ਦੀ ਖੇਤੀਬਾੜੀ ਕਮਿਊਨਿਟੀ ਉੱਤੇ ਵੀ ਕੁਦਰਤ ਦੀ ਭਾਰੀ ਮਾਰ ਵਗੀ ਹੈ ਤੇ ਮੇਅਰ ਦਾ ਕਹਿਣਾ ਹੈ ਕਿ ਹੜ੍ਹਾਂ ਦੇ ਪਾਣੀ ਨੂੰ ਬਾਹਰ ਕਰਨ ਲਈ ਕਈ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ। ਬੁੱਧਵਾਰ ਨੂੰ ਬੀ ਸੀ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਸਟੇਟ ਆਫ ਐਮਰਜੰਸੀ ਐਲਾਨ ਦਿੱਤੀ ਗਈ ਸੀ। ਉਸੇ ਦਿਨ ਹੀ ਫੈਡਰਲ ਸਰਕਾਰ ਨੇ ਮਦਦ ਪਹੁੰਚਾਉਣ ਦਾ ਐਲਾਨ ਵੀ ਕੀਤਾ ਸੀ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਤੋਂ ਬਾਅਦ ਮਹਿਲਾ ਦੀ ਹੋਈ ਮੌਤ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਰੀਜੈਂਟ ਪਾਰਕ ਨੇੜੇ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ।

ਟੋਰਾਂਟੋ ਪੁਲਿਸ ਨੂੰ ਸਵੇਰੇ 10:00 ਵਜੇ ਸ਼ੇਰਬੌਰਨ ਸਟਰੀਟ ਤੇ ਡੰਡਸ ਸਟਰੀਟ ਈਸਟ ਉੱਤੇ ਇਹ ਰਿਪੋਰਟ ਦੇ ਕੇ ਸੱਦਿਆ ਗਿਆ ਕਿ ਇੱਕ ਸੀਮੇਂਟ ਨਾਲ ਭਰੇ ਟਰੱਕ ਵੱਲੋਂ ਰਾਹਗੀਰ ਨੂੰ ਟੱਕਰ ਮਾਰ ਦਿੱਤੀ ਗਈ ਹੈ। ਟੱਕਰ ਲੱਗਣ ਕਾਰਨ ਇੱਕ ਮਹਿਲਾ, ਜੋ ਕਿ ਆਪਣੇ 60ਵਿਆਂ ਵਿੱਚ ਸੀ, ਗੰਭੀਰ ਜ਼ਖ਼ਮੀ ਹੋ ਗਈ ਤੇ ਪੈਰਾਮੈਡਿਕਸ ਵੱਲੋਂ ਜਾਂਚ ਤੋਂ ਬਾਅਦ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ।

ਟਰੱਕ ਦਾ ਡਰਾਈਵਰ ਹਾਦਸੇ ਵਾਲੀ ਥਾਂ ਉੱਤੇ ਹੀ ਰਿਹਾ ਤੇ ਉਹ ਪੁਲਿਸ ਨਾਲ ਵੀ ਸਹਿਯੋਗ ਕਰ ਰਿਹਾ ਹੈ। ਟਰੈਫਿਕ ਸਰਵਿਸਿਜ਼ ਨੇ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਹੈ।

# ਕਾਰ ਵਿੱਚੋਂ ਚਲਾਈ ਗਈ ਗੋਲੀ ਕਾਰਨ ਇੱਕ ਹਲਾਕ

ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਇੱਕ ਕਾਰ ਵਿੱਚੋਂ ਚਲਾਈ ਗਈ ਗੋਲੀ ਕਾਰਨ ਇੱਕ 20 ਸਾਲਾ ਵਿਅਕਤੀ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਇੱਕ ਕਾਰ ਵਿੱਚੋਂ ਗੋਲੀ ਚੱਲਣ ਦੀ ਰਿਪੋਰਟ ਦੇ ਕੇ ਪੁਲਿਸ ਨੂੰ ਰਾਤੀਂ 10:00 ਵਜੇ ਦੇ ਨੇੜੇ ਤੇੜੇ ਲਾਅਰੈਂਸ ਐਵਨਿਊ ਈਸਟ ਤੇ ਓਰਟੌਨ ਪਾਰਕ ਰੋਡ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੂੰ ਉੱਥੇ ਇੱਕ ਵਿਅਕਤੀ ਬਿਨਾਂ ਸਾਹ ਸਤ ਦੇ ਮਿਲਿਆ। ਪੈਰਾਮੈਡਿਕਸ ਵੱਲੋਂ ਉਸ ਵਿਅਕਤੀ ਦੀ ਜਾਨ ਬਚਾਉਣ ਦੀ ਬੜੀ ਕੋਸ਼ਿਸ਼ ਕੀਤੀ ਗਈ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਇਲਾਕੇ ਵਿੱਚੋਂ ਗ੍ਰੇਅ ਰੰਗ ਦੀ ਕਾਰ ਨੂੰ ਜਾਂਦਿਆਂ ਵੇਖਿਆ ਗਿਆ ਪਰ ਅਜੇ ਤੱਕ ਕਿਸੇ ਵੀ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

# ਸਕੂਲ ਜਾਣ ਵਾਲੇ ਬੱਚਿਆਂ ਦੇ ਟੀਕਾਕਰਣ ਲਈ ਤਿਆਰ ਹੈ ਟੋਰਾਂਟੋ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ): ਅਧਿਕਾਰੀਆਂ ਦਾ ਕਹਿਣਾ ਹੈ ਕਿ ਇੱਕ ਵਾਰੀ ਹਰੀ ਝੰਡੀ ਮਿਲਣ ਤੋਂ ਬਾਅਦ ਉਹ ਜਲਦ ਹੀ ਸਕੂਲ ਜਾਣ ਵਾਲੇ ਬੱਚਿਆਂ ਨੂੰ ਵੈਕਸੀਨੇਟ ਕਰਨ ਸਬੰਧੀ ਹੋਰ ਵੇਰਵੇ ਜਾਰੀ ਕਰਨਗੇ। ਮੁੱਢਲੀਆਂ ਰਿਪੋਰਟਾਂ ਅਨੁਸਾਰ ਤਿੰਨ ਤੋਂ ਚਾਰ ਹਫਤਿਆਂ ਦੇ ਅਰਸੇ ਵਿੱਚ ਪੰਜ ਤੋਂ 11 ਹਫਤਿਆਂ ਦੇ ਬੱਚਿਆਂ ਦੇ ਟੀਕਾਕਰਣ ਲਈ ਟੋਰਾਂਟੋ ਵਿੱਚ 30 ਸਕੂਲ ਬੇਸਡ ਕਲੀਨਿਕਸ ਖੋਲ੍ਹੇ ਜਾਣਗੇ। ਇਨ੍ਹਾਂ ਕਲੀਨਿਕਸ ਰਾਹੀਂ 400 ਸਕੂਲ ਤੇ 55,000 ਬੱਚੇ ਕੋਵਿਡ-19 ਵੈਕਸੀਨ ਲਵਾਉਣ ਦੇ ਯੋਗ ਹੋਣਗੇ।ਆਉਣ ਵਾਲੇ ਦਿਨਾਂ ਵਿੱਚ ਕੋਵਿਡ-19 ਵੈਕਸੀਨ ਲਈ ਹੋਰ ਕਲੀਨਿਕਸ ਵੀ ਸ਼ਾਮਲ ਕੀਤੇ ਜਾਣਗੇ। ਇਸ ਤੋਂ ਇਲਾਵਾ ਬੱਚੇ ਟੀਕਾਕਰਣ ਕਰਨ ਵਾਲੀਆਂ ਫਾਰਮੇਸੀਜ਼, ਡਾਕਟਰਜ਼ ਦੇ ਆਫਿਸ ਅਤੇ ਇਸ ਦੇ ਦਰਜਨਾਂ ਹੋਰ ਫਿਕਸਡ ਕਲੀਨਿਕਸ ਵਿੱਚ ਵੀ ਵੈਕਸੀਨੇਸ਼ਨ ਕਰਵਾ ਸਕਣਗੇ। ਸਰਵੇਖਣ ਕਰਨ ਤੋਂ ਬਾਅਦ ਟੋਰਾਂਟੋ ਪਬਲਿਕ ਹੈਲਥ ਤੇ ਵੈਕਸਟੋਅ ਨੇ ਪਾਇਆ ਕਿ 65 ਫੀ ਸਦੀ ਤੋਂ ਵੱਧ ਮਾਪੇ ਆਪਣੇ ਬੱਚਿਆਂ ਦਾ ਟੀਕਾਕਰਣ ਜਲਦ ਤ'' ਜਲਦ ਕਰਵਾਉਣਾ ਚਾਹੁੰਦੇ ਹਨ।

# ਗੱਡੀਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਬਾਅਦ ਕਾਰ ਚੋਰ ਫਰਾਰ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਕਾਰ ਚੋਰ ਨੇ ਚੋਰੀ ਦੀ ਕਾਰ ਨਾਲ ਕਾਫੀ ਨੁਕਸਾਨ ਕੀਤਾ, ਉਸ ਨੇ ਕਾਰ ਪਾਰਕ ਕੀਤੀਆਂ ਕਈ ਗੱਡੀਆਂ ਤੇ ਖੰਭੇ ਵਿੱਚ ਮਾਰੀ ਤੇ ਫਿਰ ਪੈਦਲ ਹੀ ਮੌਕੇ ਤੋਂ ਫਰਾਰ ਹੋ ਗਿਆ।

ਇੱਕ ਪਾਰਕਿੰਗ ਲੌਟ ਵਿੱਚ ਪਾਰਕ ਕੀਤੀਆਂ ਕਈ ਗੱਡੀਆਂ ਵਿੱਚ ਕਾਰ ਮਾਰੇ ਜਾਣ ਦੀ ਖਬਰ ਪੁਲਿਸ ਨੂੰ ਦੁਪਹਿਰੇ 4:27 ਉੱਤੇ ਦੇ ਕੇ ਯੌਰਕ ਦੇ ਸਾਈਮਜ਼ ਤੇ ਗਲੈਨ ਸਕਾਰਲੈੱਟ ਰੋਡਜ਼ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇੱਕ ਡਰਾਈਵਰ ਨੂੰ ਕਾਰ ਵਿੱਚੋਂ ਨਿਕਲਦਿਆਂ ਵੇਖਿਆ ਗਿਆ, ਉਸ ਦੇ ਮੂੰਹ ਦੇ ਸੱਜੇ ਪਾਸੇ ਕਾਫੀ ਖੂਨ ਵੀ ਲੱਗਿਆ ਹੋਇਆ ਸੀ।

ਪੁਲਿਸ ਨੇ ਦੱਸਿਆ ਕਿ ਉਹ ਪੈਦਲ ਹੀ ਇੱਥੋਂ ਚਲਾ ਗਿਆ ਤੇ ਇਹ ਵੀ ਸ਼ੱਕ ਹੈ ਕਿ ਉਸ ਨੇ ਕਿਸੇ ਨੇੜਲੇ ਸਟੋਰ ਵਿੱਚ ਚੋਰੀ ਨਾਲ ਦਾਖਲ ਹੋ ਕੇ ਕੱਪੜੇ ਵੀ ਬਦਲੇ। ਮਸ਼ਕੂਕ ਅਜੇ ਫਰਾਰ ਹੈ। ਪੁਲਿਸ ਵੱਲੋਂ ਜਾਰੀ ਕੀਤੇ ਵੇਰਵੇ ਅਨੁਸਾਰ ਉਹ ਗੋਰੇ ਰੰਗ ਦਾ, 20 ਤੋਂ 23 ਸਾਲਾਂ ਦਾ ਕਲੀਨ ਸ਼ੇਵਨ ਵਿਅਕਤੀ ਹੈ ਜਿਸ ਦੀ ਕੱਦ-ਕਾਠੀ ਦਰਮਿਆਨੀ ਹੈ। ਉਸ ਨੇ ਜੀਨਜ਼ ਦੇ ਨਾਲ ਨੇਵੀ ਹੁਡੀ ਪਾਈ ਹੋਈ ਹੈ ਜਿਸ

# ਇਲੈਕਟ੍ਰਿਕ ਗੱਡੀਆਂ ਲਈ ਛੋਟ ਸਬੰਧੀ ਪ੍ਰੋਗਰਾਮ ਵਾਸਤੇ ਕੋਈ ਵਾਅਦਾ ਨਹੀਂ ਕਰ ਰਹੀ ਫੋਰਡ ਸਰਕਾਰ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ): ਅਗਲੇ ਦਹਾਕੇ ਵਿੱਚ ਇਲੈਕਟ੍ਰਿਕ ਵ੍ਹੀਕਲਜ਼ ਦੇ ਉਤਪਾਦਨ ਦੇ ਖੇਤਰ ਵਿੱਚ ਮੋਹਰੀ ਰਹਿਣ ਦਾ ਦਾਅਵਾ ਕਰਨ ਵਾਲੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਇਲੈਕਟ੍ਰਿਕ ਵ੍ਹੀਕਲ (ਈ ਵੀ) ਰਿਬੇਟ ਪ੍ਰੋਗਰਾਮ ਲਈ ਕੋਈ ਵਾਅਦਾ ਨਹੀਂ ਕੀਤਾ ਜਾ ਰਿਹਾ।

ਪ੍ਰੀਮੀਅਰ ਫੋਰਡ ਨੇ ਬੁੱਧਵਾਰ ਨੂੰ ਨਵੀਂ ਰਣਨੀਤੀ ਤਹਿਤ 2030 ਤੱਕ ਓਨਟਾਰੀਓ ਵਿੱਚ 400,000 ਇਲੈਕਟ੍ਰਿਕ ਤੇ ਹਾਈਬ੍ਰਿਡ ਗੱਡੀਆਂ ਤਿਆਰ ਕਰਨ ਦੀ ਗੱਲ ਆਖੀ। ਫੋਰਡ ਨੇ ਇਸ ਮੌਕੇ ਆਖਿਆ ਕਿ ਛੋਟ ਪ੍ਰਤੀ ਰੁਝਾਨ ਵੀ ਪੈਦਾ ਹੋ ਰਿਹਾ ਹੈ। ਪਰ ਸਰਕਾਰ ਇਹ ਸੰਕੇਤ ਦੇ ਰਹੀ ਹੈ ਕਿ ਓਨਟਾਰੀਓ ਦੇ ਡਰਾਈਵਰਾਂ ਨੂੰ ਓਨਟਾਰੀਓ ਵਿੱਚ ਹੀ ਤਿਆਰ ਇਲੈਕਟ੍ਰਿਕ ਵ੍ਹੀਕਲ ਦੀ ਖਰੀਦ ਉੱਤੇ ਕੋਈ ਛੋਟ ਨਹੀਂ ਦਿੱਤੀ ਜਾਵੇਗੀ।

ਫੋਰਡ ਨੇ ਆਖਿਆ ਕਿ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਮਾਰਕਿਟ ਕਿਸ ਤਰ੍ਹਾਂ ਚੱਲਦੀ ਹੈ। ਇੱਥੇ ਦੱਸਣਾ ਬਣਦਾ ਹੈ ਕਿ 2018 ਵਿੱਚ ਆਫਿਸ ਸਾਂਭਦਿਆਂ ਸਾਰ ਹੀ ਪ੍ਰੀਮੀਅਰ ਫੋਰਡ ਨੇ ਸਾਬਕਾ ਲਿਬਰਲ ਸਰਕਾਰ ਵੱਲੋਂ ਇਲੈਕਟ੍ਰਿਕ ਕਾਰਾਂ ਖਰੀਦਣ ਲਈ 14000 ਡਾਲਰ ਦੀ ਕੀਤੀ ਪੇਸ਼ਕਸ਼ ਇਹ ਆਖਦਿਆਂ ਹੋਇਆਂ ਰੱਦ ਕਰ ਦਿੱਤੀ ਸੀ ਕਿ ਇਸ ਨਾਲ ਸਿਰਫ ਮਿਲੀਅਨੇਅਰਜ਼ ਹੀ ਮਹਿੰਗੀਆਂ ਇਲੈਕਟ੍ਰਿਕ ਗੱਡੀਆਂ ਖਰੀਦ ਸਕਣਗੇ।

ਵਿੱਤ ਮੰਤਰੀ ਪੀਟਰ ਬੈਥਲੈਨਫੈਲਵੀ ਨੇ ਆਖਿਆ ਕਿ ਅਸੀਂ ਪ੍ਰੋਵਿੰਸ ਵਿੱਚ ਇਲੈਕਟ੍ਰਿਕ ਕਾਰਾਂ ਦੇ ਉਤਪਾਦਨ ਨੂੰ ਜਲਦ ਤੋਂ ਜਲਦ ਲਿਆਉਣਾ ਚਾਹੁੰਦੇ ਹਾਂ। ਇਸ ਨਾਲ ਅਸੀਂ ਪਹਿਲਾਂ ਖੁੱਸ ਚੁੱਕੀਆਂ ਮੈਨੂਫੈਕਚਰਿੰਗ ਜੌਬਜ਼ ਨੂੰ ਵੀ ਬਦਲ ਸਕਾਂਗੇ। ਜਦੋਂ ਇਹ ਪੁੱਛਿਆ ਗਿਆ ਕਿ ਕੀ ਚਾਰਜਿੰਗ ਸਟੇਸ਼ਨ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਬਣਾਏ ਜਾਣਗੇ ਤਾਂ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਆਖਿਆ ਕਿ ਇਸ ਪਾਸੇ ਅਸੀਂ ਬਾਅਦ ਵਿੱਚ ਫੈਸਲਾ ਕਰਾਂਗੇ।

# ਨੌਰਥ ਯੌਰਕ ਹਾਈ ਸਕੂਲ ਵਿੱਚ ਲੜਾਈ ਦੌਰਾਨ ਚੱਲੇ ਚਾਕੂ, ਇੱਕ ਦੀ ਮੌਤ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਨੌਰਥ ਯੌਰਕ ਹਾਈ ਸਕੂਲ ਵਿੱਚ ਜਿਨ੍ਹਾਂ ਤਿੰਨ ਵਿਅਕਤੀਆਂ ਉੱਤੇ ਚਾਕੂ ਨਾਲ ਹਮਲਾ ਕੀਤਾ ਗਿਆ ਸੀ ਉਨ੍ਹਾਂ ਵਿੱਚੋਂ ਇੱਕ ਦੀ ਮੌਤ ਹੋ ਗਈ। ਟੋਰਾਂਟੋ ਪੁਲਿਸ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ।

ਯੌਰਕ ਮਿੱਲਜ਼ ਤੇ ਵਿਕਟੋਰੀਆ ਪਾਰਕ ਨੇੜੇ ਵਿਕਟੋਰੀਆ ਪਾਰਕ ਕਾਲਜੀਏਟ ਵਿੱਚ ਦੁਪਹਿਰ ਦੇ 3:00 ਵਜੇ ਤੋਂ ਬਾਅਦ ਹੋਈ ਲੜਾਈ ਦੌਰਾਨ ਛੁਰੇਬਾਜ਼ੀ ਹੋਣ ਤੋਂ ਬਾਅਦ ਪੁਲਿਸ ਨੂੰ ਕਈ ਕਾਲਜ਼ ਆਈਆਂ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ ਤੇ ਥੋੜ੍ਹੀ ਦੇਰ ਬਾਅਦ ਇੱਕ ਹੋਰ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ।ਦੋ ਹੋਰਨਾਂ ਜ਼ਖ਼ਮੀ ਵਿਅਕਤੀਆਂ ਦੀ ਹਾਲਤ ਕਾਫੀ ਨਾਜ਼ੁਕ ਦੱਸੀ ਗਈ।

ਇੱਕ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕੀਤੀ ਜਾ ਰਹੀ। ਪੁਲਿਸ ਨੇ ਇਹ ਵੀ ਆਖਿਆ ਕਿ ਕਮਿਊਨਿਟੀ ਨੂੰ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ ਹੈ। ਅਜੇ ਤੱਕ ਕੋਈ ਚਾਰਜਿਜ਼ ਵੀ ਨਹੀਂ ਐਲਾਨੇ ਗਏ। ਪੁਲਿਸ ਵੱਲੋਂ ਅਜੇ ਇਹ ਵੀ ਪਤਾ ਲਾਇਆ ਜਾਣਾ ਹੈ ਕਿ ਕੀ ਇਹ ਮਸ਼ਕੂਕ ਤੇ ਜ਼ਖ਼ਮੀ ਵਿਅਕਤੀ ਸਕੂਲ ਵਿੱਚ ਵਿਦਿਆਰਥੀ ਸਨ।

# ਓਨਟਾਰੀਓ ਦੀਆਂ ਚੋਣਵੀਆਂ ਫਾਰਮੇਸੀਜ਼ ਵਿੱਚ ਵੀ ਹੋਵੇਗੀ ਕੋਵਿਡ-19 ਟੈਸਟਿੰਗ

ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵਾਸੀ, ਜਿਨ੍ਹਾਂ ਨੂੰ ਕੋਵਿਡ-19 ਵਾਲੇ ਲੱਛਣ ਹਨ, ਹੁਣ ਕਈ ਹੋਰਨਾਂ ਲੋਕੇਸ਼ਨਾਂ ਉੱਤੇ ਆਪਣੀ ਜਾਂਚ ਕਰਵਾ ਸਕਣਗੇ।

ਪ੍ਰੋਵਿੰਸ਼ੀਅਲ ਸਰਕਾਰ ਦੇ ਸਰੋਤ ਨੇ ਦੱਸਿਆ ਕਿ ਇਸ ਨਵੇਂ ਪ੍ਰੋਗਰਾਮ ਨੂੰ ਅਪਨਾਉਣ ਲਈ ਪ੍ਰੋਵਿੰਸ ਦੀ ਜਿਹੜੀ ਵੀ ਫਾਰਮੇਸੀ ਰਾਜ਼ੀ ਹੋਵੇਗੀ ਉੱਥੇ ਹੀ ਸਿੰਪਟੋਮੈਟਿਕ ਟੈਸਟਿੰਗ ਕੀਤੀ ਜਾਵੇਗੀ।ਕੋਈ ਵੀ ਫਾਰਮੇਸੀ ਜਿਹੜੀ ਇਸ ਪ੍ਰੋਗਰਾਮ ਦਾ ਹਿੱਸਾ ਬਣੇਗੀ ਉਹ ਪੀਸੀਆਰ ਕੋਵਿਡ-19 ਸਵੈਬ ਟੈਸਟ ਕਰਨ ਦੇ ਯੋਗ ਹੋਵੇਗੀ ਤੇ ਘਰਾਂ ਤੋਂ ਇੱਕਠੇ ਕੀਤੇ ਜਾਣ ਵਾਲੇ ਟੈਸਟਸ ਲਈ ਡਰੌਪ-ਆਫ ਪ੍ਰੋਗਰਾਮ ਵਿੱਚ ਵੀ ਹਿੱਸਾ ਲਵੇਗੀ। ਇਹ ਪ੍ਰੋਵਿੰਸ ਭਰ ਵਿੱਚ ਪਬਲਿਕ ਸਕੂਲਾਂ ਵਿੱਚ ਲਾਗੂ ਮੌਜੂਦਾ ਸਿਸਟਮ ਦੇ ਬਰਾਬਰ ਦਾ ਹੀ ਹੈ।

ਇਸ ਵਿੱਚ ਹਿੱਸਾ ਲੈਣ ਵਾਲੀਆਂ ਸਾਰੀਆਂ ਫਾਰਮੇਸੀਜ਼ ਨੂੰ ਆਪਣੇ ਸਟਾਫ, ਮਰੀਜ਼ਾਂ ਤੇ ਗਾਹਕਾਂ ਦੀ ਵਾਇਰਸ ਤੋਂ ਰੱਖਿਆ ਲਈ ਇਨਫੈਕਸ਼ਨ ਤੋਂ ਰੋਕਥਾਮ ਤੇ ਨਿਯੰਤਰਣ ਬਾਰੇ ਸਾਰੇ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ।ਇਨ੍ਹਾਂ ਮਾਪਦੰਡਾਂ ਅਨੁਸਾਰ :

- ਸਪੈਸੀਮਨ ਕੁਲੈਕਸ਼ਨ ਲਈ ਸਮਰਪਿਤ ਥਾਂ
- ਫਿਜ਼ੀਕਲ ਡਿਸਟੈਂਸਿੰਗ
- ਸਾਫ ਸਫਾਈ ਤੇ ਭੀੜ ਤੋਂ ਬਚਣ ਲਈ ਟੈਸਟਸ ਦਰਮਿਆਨ ਸਮਾਂ
- ਫਾਰਮੇਸੀਜ਼ ਅੰਦਰ ਮਾਸਕਸ ਪਾਉਣਾ
- ਰੁਟੀਨ ਐਨਵਾਇਰਮੈਂਟਲ ਕਲੀਨਿੰਗ ਕਰਨਾ

ਇਸ ਤੋਂ ਇਲਾਵਾ ਪ੍ਰੋਵਿੰਸ ਵੱਲੋਂ ਫਾਰਮੇਸੀਜ਼ ਨੂੰ ਵੱਧ ਤੋਂ ਵੱਧ ਵੈਂਟੀਲੇਸ਼ਨ ਰੱਖਣ ਲਈ ਵੀ ਆਖਿਆ ਗਿਆ ਹੈ ਤੇ ਇਸ ਤੋਂ ਇਲਾਵਾ ਫਾਰਮੇਸੀਜ਼ ਨੂੰ ਵਾਰਨਿੰਗ ਸਬੰਧੀ ਸਾਈਨ ਲਾਉਣ ਦੀ ਵੀ ਹਦਾਇਤ ਕੀਤੀ ਗਈ ਹੈ।













# ਮੋਦੀ ਨੇ ਖੇਤੀ ਕਾਨੂੰਨ ਰੱਦ ਕਰਨ ਦਾ ਕੀਤਾ ਐਲਾਨ




ਨਵੀਂ ਦਿੱਲੀ, 18 ਨਵੰਬਰ (ਪੋਸਟ ਬਿਊਰੋ) : ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨ ਵਿਰੋਧੀ ਵਿਵਾਦਗ੍ਰਸਤ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਐਲਾਨ ਕੀਤਾ। ਦੇਸ਼ ਦੇ ਨਾਂ ਸੰਬੋਧਨ ਵਿੱਚ ਮੋਦੀ ਨੇ ਆਖਿਆ ਕਿ ਇਸ ਪਵਿੱਤਰ ਦਿਹਾੜੇ ਉਹ ਐਲਾਨ ਕਰਦੇ ਹਨ ਕਿ ਇਸ ਮਹੀਨੇ ਦੇ ਅੰਤ ਵਿੱਚ ਸ਼ੁਰੂ ਹੋਣ ਜਾ ਰਹੇ ਪਾਰਲੀਮਾਨੀ ਸੈਸ਼ਨ ਵਿੱਚ ਇਨ੍ਹਾਂ ਤਿੰਨਾਂ ਖੇਤੀ ਕਾਨੂੰਨਾਂ ਨੂੰ ਮਨਸੂਖ ਕਰਨ ਦੀ ਕਾਰਵਾਈ ਨੇਪਰੇ ਚਾੜ੍ਹ ਲਈ ਜਾਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਇੱਕ ਸਾਲ ਤੋਂ ਵੀ ਵੱਧ ਸਮੇਂ ਤੋਂ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਦੇ ਕਿਸਾਨ ਇਨ੍ਹਾਂ ਕਾਨੂੰਨਾਂ ਦੇ ਖਿਲਾਫ ਦਿੱਲੀ ਬਾਰਡਰ ਉੱਤੇ ਸੰਘਰਸ਼ ਕਰ ਰਹੇ ਹਨ।

# ਹੜ੍ਹਾਂ ਕਾਰਨ ਬੀ ਸੀ ਨੇ ਐਲਾਨੀ ਸਟੇਟ ਆਫ ਐਮਰਜੈਂਸੀ



ਬ੍ਰਿਟਿਸ਼ ਕੋਲੰਬੀਆ, 18 ਨਵੰਬਰ (ਪੋਸਟ ਬਿਊਰੋ) : ਦੱਖਣੀ ਬੀ ਸੀ ਵਿੱਚ ਆਏ ਹੜ੍ਹਾਂ ਕਾਰਨ ਵਿਗੜੇ ਹਾਲਾਤ ਦੇ ਮੱਦੇਨਜ਼ਰ ਪ੍ਰੋਵਿੰਸ ਵੱਲੋਂ ਬੁੱਧਵਾਰ ਦੁਪਹਿਰ ਨੂੰ ਸਟੇਟ ਆਫ ਐਮਰਜੰਸੀ ਦਾ ਐਲਾਨ ਕੀਤਾ ਗਿਆ।

ਪ੍ਰੀਮੀਅਰ ਜੌਹਨ ਹੌਰਗਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਸ ਐਲਾਨ ਨਾਲ ਪ੍ਰੋਵਿੰਸ ਭਰ ਵਿੱਚ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਤੇ ਸਪਲਾਈਜ਼ ਮਿਲਦੀਆਂ ਰਹਿਣਗੀਆਂ। ਲੋਕਾਂ ਨੂੰ ਜਦੋਂ ਤੱਕ ਜ਼ਰੂਰੀ ਨਾ ਹੋਵੇ ਟਰੈਵਲ ਨਾ ਕਰਨ ਦੀ ਸਲਾਹ ਦਿੱਤੀ ਗਈ ਹੈ। ਇਸ ਦੇ ਨਾਲ ਹੀ ਪ੍ਰੋਵਿੰਸ ਵੱਲੋਂ ਮੈਡੀਕਲ ਤੇ ਐਮਰਜੰਸੀ ਸੇਵਾਵਾਂ ਦੇ ਨਾਲ ਨਾਲ ਜ਼ਰੂਰਤਮੰਦ ਕਮਿਊਨਿਟੀਜ਼ ਤੇ ਲੋਕਾਂ ਨੂੰ ਜ਼ਰੂਰੀ ਵਸਤਾਂ ਮੁਹੱਈਆ ਕਰਵਾਉਣ ਦਾ ਉਪਰਾਲਾ ਵੀ ਕੀਤਾ ਜਾਵੇਗਾ।

ਹੌਰਗਨ ਨੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਲੋੜੋਂ ਵੱਧ ਸਮਾਨ ਇੱਕਠਾ ਨਾ ਕਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਆਖਿਆ ਕਿ ਜੋ ਤੁਹਾਨੂੰ ਚਾਹੀਦਾ ਹੈ ਉਹ ਤੁਹਾਡੇ ਗੁਆਂਢੀਆਂ ਨੂੰ ਵੀ ਚਾਹੀਦਾ ਹੋ ਸਕਦਾ ਹੈ। ਉਨ੍ਹਾਂ ਆਖਿਆ ਕਿ ਬੀ ਸੀ ਦੀ ਸਪਲਾਈ ਚੇਨ ਦੇ ਜਲਦ ਬਹਾਲ ਹਣ ਦੀ ਉਨ੍ਹਾਂ ਨੂੰ ਪੂਰੀ ਉਮੀਦ ਹੈ।

ਜ਼ਿਕਰਯੋਗ ਹੈ ਕਿ ਢਿੱਗਾਂ ਡਿੱਗਣ, ਜ਼ਮੀਨ ਖਿਸਕਣ ਤੇ ਹੜ੍ਹਾਂ ਕਾਰਨ ਹਾਈਵੇਅਜ਼ ਬੰਦ ਹੋ ਗਏ ਤੇ ਲੋਅਰ ਮੇਨਲੈਂਡ ਬਾਕੀ ਦੇ ਪ੍ਰੋਵਿੰਸ ਨਾਲੋਂ ਕੱਟਿਆ ਗਿਆ। ਇਸ ਤੋਂ ਬਾਅਦ ਤੋਂ ਹੀ ਅਗਾਸੀਜ਼ ਦੇ ਪੱਛਮ ਵੱਲ ਲੌਹੀਡ ਹਾਈਵੇਅ (ਹਾਈਵੇਅ 7) ਨੂੰ ਜ਼ਰੂਰੀ ਟਰੈਵਲ ਲਈ ਤੇ ਰਿਚਮੰਡ ਵਿੱਚ ਹਾਈਵੇਅ 99 ਨੂੰ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ ਹੈ। ਟਰਾਂਸਪੋਰਟੇਸ਼ਨ ਮੰਤਰੀ ਰੌਬ ਫਲੇਮਿੰਗ ਨੇ ਆਖਿਆ ਕਿ ਇਹ ਉਨ੍ਹਾਂ ਲੋਕਾਂ ਲਈ ਖੋਲ੍ਹਿਆ ਗਿਆ ਹੈ ਜਿਨ੍ਹਾਂ ਨੂੰ ਆਪਣੇ ਪਸ਼ੂਆਂ ਨੂੰ, ਆਪਣੇ ਹੋਰ ਜ਼ਰੂਰੀ ਸਾਜ਼ੋ ਸਮਾਨ ਨੂੰ ਲਿਜਾਣਾ ਹੈ।

ਪਬਲਿਕ ਸੇਫਟੀ ਮੰਤਰੀ ਮਾਈਕ ਫੈਰਨਵਰਥ ਨੇ ਆਖਿਆ ਕਿ ਇਹ ਸਮਾਂ ਮਨ ਪ੍ਰਚਾਵੇ ਲਈ ਘੁੰਮਣ ਫਿਰਨ ਦਾ ਨਹੀਂ ਹੈ। ਸਾਡਾ ਟਰਾਂਸਪੋਰਟੇਸ਼ਨ ਇਨਫਰਾਸਟ੍ਰਕਚਰ ਤਹਿਸ ਨਹਿਸ ਹੋ ਗਿਆ ਹੈ। ਆਪਣੀਆਂ ਸੜਕਾਂ ਤੇ ਰੇਲਵੇਅਜ਼ ਨੂੰ ਮੁੜ ਲੀਹ ਉੱਤੇ ਲਿਆਉਣਾ ਸਾਡੀ ਨੰਬਰ ਵੰਨ ਤਰਜੀਹ ਹੈ। ਹੜ੍ਹਾਂ ਕਾਰਨ 17,775 ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜਬੂਰ ਹੋਣਾ ਪਿਆ। ਸਟੇਟ ਆਫ ਐਮਰਜੰਸੀ 14 ਦਿਨਾਂ ਲਈ ਪ੍ਰਭਾਵੀ ਰਹੇਗੀ ਤੇ ਲੋੜ ਪੈਣ ਉੱਤੇ ਇਸ ਨੂੰ ਵਧਾਇਆ ਵੀ ਜਾ ਸਕਦਾ ਹੈ।

# ਇਸ ਮਹੀਨੇ ਤੋਂ ਪੰਜ ਤੋਂ 11 ਸਾਲ ਦੇ ਬੱਚਿਆਂ ਦਾ ਟੀਕਾਕਰਣ ਸ਼ੁਰੂ ਕਰੇਗਾ ਓਨਟਾਰੀਓ : ਮੂਰ



ਓਟਵਾ, 18 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਮੈਡੀਕਲ ਆਫੀਸਰ ਆਫ ਹੈਲਥ ਡਾ.ਕਿਰਨ ਮੂਰ ਦਾ ਕਹਿਣਾ ਹੈ ਕਿ ਪੰਜ ਤੋਂ 11 ਸਾਲਾਂ ਦੇ ਬੱਚਿਆਂ ਨੂੰ ਨਵੰਬਰ ਦੇ ਅੰਤ ਤੱਕ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਦਿੱਤੇ ਜਾਣ ਦੀ ਉਮੀਦ ਹੈ।

ਡਾ. ਮੂਰ ਨੇ ਆਖਿਆ ਕਿ ਪ੍ਰੋਵਿੰਸ਼ੀਅਲ ਅਧਿਕਾਰੀਆਂ ਵੱਲੋਂ ਓਟਵਾ ਪਬਲਿਕ ਹੈਲਥ ਪਲੈਨ ਦਾ ਮੁਲਾਂਕਣ ਕੀਤਾ ਗਿਆ ਹੈ ਤੇ ਉਨ੍ਹਾਂ ਆਖਿਆ ਕਿ ਉਹ ਕਮਾਲ ਦਾ ਪਲੈਨ ਹੈ। ਡਾ. ਮੂਰ ਵੱਲੋਂ ਟੀਕਾਕਰਣ ਲਈ ਦੱਸੇ ਜਾ ਰਹੇ ਸਮੇਂ ਦੇ ਅੰਦਾਜ਼ੇ ਨਾਲ ਹੀ ਕੈਨੇਡਾ ਦੇ ਚੀਫ ਮੈਡੀਕਲ ਐਡਵਾਈਜ਼ਰ ਵੱਲੋਂ ਦਿੱਤੀ ਜਾ ਰਹੀ ਸਮਾਂ ਸੀਮਾਂ ਕਾਫੀ ਹੱਦ ਤੱਕ ਮੇਲ ਖਾਂਦੀ ਹੈ। ਪਿਛਲੇ ਹਫਤੇ ਉਨ੍ਹਾਂ ਆਖਿਆ ਸੀ ਕਿ ਹੈਲਥ ਕੈਨੇਡਾ ਇੱਕ ਜਾਂ ਦੋ ਹਫਤਿਆਂ ਵਿੱਚ ਬੱਚਿਆਂ ਦਾ ਟੀਕਾਕਰਣ ਸ਼ੁਰੂ ਕਰ ਸਕਦਾ ਹੈ।

ਇਸ ਨਾਲ ਕੁੱਝ ਬੱਚੇ ਹਾਲੀਡੇਅ ਸੀਜ਼ਨ ਲਈ ਅੰਸ਼ਕ ਤੌਰ ਉੱਤੇ ਮਹਿਫੂਜ਼ ਹੋ ਜਾਣਗੇ। ਮੂਰ ਨੇ ਆਖਿਆ ਕਿ ਬੱਚਿਆਂ ਨੂੰ ਅੱਠ ਹਫਤਿਆਂ ਵਿੱਚ ਕੋਵਿਡ-19 ਵੈਕਸੀਨ ਦੀਆਂ ਦੋ ਡੋਜ਼ਾਂ ਦਿੱਤੀਆਂ ਜਾਣਗੀਆਂ। ਸੋਮਵਾਰ ਨੂੰ ਮੌਡਰਨਾ ਨੇ ਵੀ ਇਹ ਐਲਾਨ ਕੀਤਾ ਸੀ ਕਿ ਉਸ ਵੱਲੋਂ ਛੇ ਤੋਂ 11 ਸਾਲ ਦੇ ਬੱਚਿਆਂ ਲਈ ਆਪਣੀ ਸਪਾਈਕਵੈਕਸ ਕੋਵਿਡ-19 ਵੈਕਸੀਨ ਨੂੰ ਮਨਜ਼ੂਰੀ ਦਿਵਾਉਣ ਲਈ ਅਪਲਾਈ ਕੀਤਾ ਗਿਆ ਹੈ। ਰੈਗੂਲੇਟਰ ਵੱਲੋਂ ਪਹਿਲਾਂ ਹੀ ਫਾਈਜ਼ਰ ਦੀ ਬੱਚਿਆਂ ਲਈ ਵੈਕਸੀਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ।

# ਆਪਣੀ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੀ ਸੈਨੇਟਰ ਨੂੰ ਓਟੂਲ ਨੇ ਕਾਕਸ ਵਿੱਚੋਂ ਕੱਢਿਆ



ਓਟਵਾ, 18 ਨਵੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਓਟੂਲ ਵੱਲੋਂ ਆਪਣੀ ਲੀਡਰਸ਼ਿਪ ਨੂੰ ਚੁਣੌਤੀ ਦੇਣ ਵਾਲੀ ਸੈਨੇਟਰ ਨੂੰ ਕੰਜ਼ਰਵੇਟਿਵ ਕਾਕਸ ਤੋਂ ਬਾਹਰ ਕਰ ਦਿੱਤਾ ਗਿਆ ਹੈ।

ਓਟੂਲ ਨੇ ਇੱਕ ਨਿੱਕੇ ਜਿਹੇ ਬਿਆਨ ਰਾਹੀਂ ਕਾਕਸ ਵਿੱਚੋਂ ਸੈਨੇਟਰ ਡੈਨਿਸ ਬੈਟਰਜ਼ ਨੂੰ ਕੱਢੇ ਜਾਣ ਦਾ ਐਲਾਨ ਕੀਤਾ। ਇਸ ਤੋਂ ਇੱਕ ਦਿਨ ਪਹਿਲਾਂ ਹੀ ਬੈਟਰਜ਼ ਨੇ ਓਟੂਲ ਦੀ ਲੀਡਰਸ਼ਿਪ ਉੱਤੇ ਭਰੋਸੇ ਦਾ ਵੋਟ ਪੁਆਉਣ ਲਈ ਪਟੀਸ਼ਨ ਲਾਂਚ ਕੀਤੀ ਸੀ। ਓਟੂਲ ਨੇ ਆਖਿਆ ਕਿ ਭ੍ਰਿਸ਼ਟ ਟਰੂਡੋ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਲਈ ਏਕਾਗਰਚਿਤ ਕੰਜ਼ਰਵੇਟਿਵ ਟੀਮ ਦੀਆਂ ਕੋਸ਼ਿਸ਼ਾਂ ਦਾ ਅਪਮਾਨ ਕਰਨ ਵਾਲੇ ਕਿਸੇ ਵੀ ਸ਼ਖ਼ਸ ਦੀਆਂ ਆਪਹੁਦਰੀਆਂ ਨੂੰ ਉਨ੍ਹਾਂ ਵੱਲੋਂ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਜ਼ਿਕਰਯੋਗ ਹੈ ਕਿ ਬੈਟਰਜ਼ ਵੱਲੋਂ ਪਾਈ ਗਈ ਪਟੀਸ਼ਨ ਉੱਤੇ ਉਹ ਵੱਧ ਤੋਂ ਵੱਧ ਸਾਈਨ ਇੱਕਠੇ ਕਰਕੇ ਪਾਰਟੀ ਨੂੰ ਆਉਣ ਵਾਲੇ ਛੇ ਮਹੀਨਿਆਂ ਅੰਦਰ ਇਸ ਮੁੱਦੇ ਉੱਤੇ ਰਾਇਸ਼ੁਮਾਰੀ ਕਰਵਾਉਣ ਲਈ ਮਜਬੂਰ ਕਰਨਾ ਚਾਹੁੰਦੀ ਸੀ ਕਿ ਓਟੂਲ ਨੂੰ ਪਾਰਟੀ ਆਗੂ ਵਜੋਂ ਬਣੇ ਰਹਿਣਾ ਚਾਹੀਦਾ ਹੈ ਜਾਂ ਨਹੀਂ।

ਬੈਟਰਜ਼ ਨੇ ਇਹ ਵੀ ਆਖਿਆ ਕਿ ਪਾਰਟੀ ਦੇ 2023 ਵਿੱਚ ਹੋਣ ਵਾਲੇ ਇਜਲਾਸ ਵਿੱਚ ਲੀਡਰਸ਼ਿਪ ਮੁਲਾਂਕਣ ਦੀ ਉਡੀਕ ਕਰਨ ਦੀ ਥਾਂ ਉਹ ਇਸ ਸਬੰਧ ਵਿੱਚ ਹੁਣੇ ਹੀ ਫੈਸਲਾ ਕਰਵਾਉਣ ਲਈ ਮੁਹਿੰਮ ਛੇੜਨੀ ਚਾਹੁੰਦੀ ਹੈ। ਬੈਟਰਜ਼ ਵੱਲੋਂ ਓਟੂਲ ਉੱਤੇ ਕੰਜ਼ਰਵੇਟਿਵ ਕਦਰਾਂ ਕੀਮਤਾਂ ਤੋਂ ਭਟਕਣ ਦੇ ਦੋਸ਼ ਲਾਏ ਗਏ।

# ਓਨਟਾਰੀਓ ਦੇ ਕਈ ਹਿੱਸਿਆਂ ਵਿੱਚ ਪੈ ਸਕਦਾ ਹੈ ਬਰਫੀਲਾ ਮੀਂਹ



ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਐਨਵਾਇਰਮੈਂਟ ਕੈਨੇਡਾ ਵੱਲੋਂ ਓਨਟਾਰੀਓ ਦੇ ਕਈ ਹਿੱਸਿਆਂ ਲਈ ਬਰਫੀਲੇ ਮੀਂਹ ਸਬੰਧੀ ਚੇਤਾਵਨੀ ਦਿੱਤੀ ਗਈ ਹੈ।

ਹੱਢ ਜਮਾ ਦੇਣ ਵਾਲੇ ਮੀਂਹ ਸਬੰਧੀ ਚੇਤਾਵਨੀ ਪੰਜ ਰੀਜਨਜ਼ ਲਈ ਜਾਰੀ ਕੀਤੀ ਗਈ ਹੈ, ਜੋ ਕਿ ਟਿਮਿਨਜ਼ ਏਰੀਆ ਤੋਂ ਬੈਰੀਜ਼ ਬੇਅ ਤੱਕ ਅਤੇ ਓਟਵਾ ਤੋਂ ਦੋ ਘੰਟੇ ਵੈਸਟ ਵੱਲ ਐਲਗੌਂਨਕੁਇਨ ਤੱਕ ਹੋਵੇਗੀ। ਏਜੰਸੀ ਦਾ ਕਹਿਣਾ ਹੈ ਕਿ ਇਨ੍ਹਾਂ ਪ੍ਰਭਾਵਿਤ ਰੀਜਨਜ਼ ਵਿੱਚ ਕਈ ਘੰਟਿਆਂ ਤੱਕ ਇਹ ਬਰਫੀਲਾ ਮੀਂਹ ਪੈ ਸਕਦਾ ਹੈ। ਇਸ ਤੋਂ ਬਾਅਦ ਬੁੱਧਵਾਰ ਦੁਪਹਿਰ ਜਾਂ ਸ਼ਾਮ ਨੂੰ ਮੀਂਹ ਆਮ ਵਾਂਗ ਹੋ ਜਾਵੇਗਾ ਤੇ ਫਿਰ ਸ਼ਾਮ ਵੇਲੇ ਤਾਪਮਾਨ ਡਿੱਗਣ ਨਾਲ ਮੀਂਹ ਵੀ ਇੱਕ ਵਾਰੀ ਫਿਰ ਬਰਫੀਲਾ ਹੋ ਜਾਵੇਗਾ।

ਏਜੰਸੀ ਨੇ ਚੇਤਾਵਨੀ ਦਿੱਤੀ ਕਿ ਹਾਈਵੇਅਜ਼, ਸੜਕਾਂ, ਵਾਕਵੇਅਜ਼ ਤੇ ਪਾਰਕਿੰਗ ਲੌਟਸ ਵਿੱਚ ਇਸ ਬਰਫੀਲੇ ਮੀਂਹ ਕਾਰਨ ਤਿਲ੍ਹਕਣ ਵੱਧ ਜਾਵੇਗੀ। ਪ੍ਰਭਾਵਿਤ ਇਲਾਕਿਆਂ ਵਿੱਚ ਤੁਰਦੇ ਜਾਂ ਡਰਾਈਵ ਕਰਦੇ ਸਮੇਂ ਲੋਕਾਂ ਨੂੰ ਸਾਵਧਾਨੀ ਤੋਂ ਕੰਮ ਲੈਣ ਲਈ ਆਖਿਆ ਗਿਆ ਹੈ। ਓਟਵਾ ਸਮੇਤ ਉੱਤਰੀ ਤੇ ਦੱਖਣੀ ਓਨਟਾਰੀਓ ਤੋਂ ਇਲਾਵਾ ਉੱਤਰੀ ਓਨਟਾਰੀਓ ਤੇ ਕਿਊਬਿਕ ਵਿੱਚ ਵੀ ਬਰਫੀਲਾ ਮੀਂਹ ਪੈਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ। ਇਸ ਦੌਰਾਨ ਪੰਜ ਤੋਂ 15 ਸੈਂਟੀਮੀਟਰ ਤੱਕ ਬਰਫੀਲਾ ਮੀਂਹ ਪੈਣ ਦੀ ਗੁੰਜਾਇਸ਼ ਹੈ।

# ਨਿੱਕੇ ਟਰਿੱਪਸ ਲਈ ਫੈਡਰਲ ਸਰਕਾਰ ਪੀਸੀਆਰ ਟੈਸਟ ਦੀ ਸ਼ਰਤ ਕਰੇਗੀ ਖ਼ਤਮ



ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : ਛੋਟੇ ਟਰਿੱਪ ਕਰਨ ਤੋਂ ਬਾਅਦ ਕੈਨੇਡਾ ਪਰਤ ਰਹੇ ਟਰੈਵਲਰਜ਼, ਜਿਨ੍ਹਾਂ ਨੇ ਪੂਰੀ ਵੈਕਸੀਨੇਸ਼ਨ ਕਰਵਾਈ ਹੋਈ ਹੈ, ਲਈ ਪੀਸੀਆਰ ਟੈਸਟ ਕਰਵਾਉਣ ਦੀ ਸ਼ਰਤ ਫੈਡਰਲ ਸਰਕਾਰ ਵੱਲੋਂ ਹਟਾਈ ਜਾ ਰਹੀ ਹੈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਬਾਰਡਰ ਉੱਤੇ ਹੋਣ ਵਾਲੀ ਇਹ ਤਬਦੀਲੀ ਕਦੋਂ ਤੱਕ ਲਾਗੂ ਹੋਵੇਗੀ। ਪੀਸੀਆਰ ਟੈਸਟ ਵਾਂਗ ਮੌਲੀਕਿਊਲਰ ਟੈਸਟ 72 ਘੰਟਿਆਂ ਤੋਂ ਲੰਮੇਂ ਟਰਿੱਪਸ ਲਈ ਅਜੇ ਵੀ ਚਾਹੀਦਾ ਹੋਵੇਗਾ। ਕੈਨੇਡਾ ਦਾਖਲ ਹੋਣ ਵਾਲ ਸਾਰੇ ਟਰੈਵਲਰਜ਼, ਭਾਵੇਂ ਉਨ੍ਹਾਂ ਦਾ ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ, ਨੂੰ ਜ਼ਮੀਨੀ ਹੱਦ ਜਾਂ ਜਹਾਜ਼ ਚੜ੍ਹਨ ਤੋਂ ਪਹਿਲਾਂ 72 ਘੰਟਿਆਂ ਵਾਲੇ ਮੌਲੀਕਿਊਲਰ ਕੋਵਿਡ-19 ਟੈਸਟ ਦਾ ਸਬੂਤ ਪੇਸ਼ ਕਰਨਾ ਲਾਜ਼ਮੀ ਹੋਵੇਗਾ।

ਇਹ ਟੈਸਟ ਕਰਵਾਉਣ ਉੱਤੇ 150 ਡਾਲਰ ਤੋਂ 300 ਡਾਲਰ ਦਰਮਿਆਨ ਲਾਗਤ ਆਵੇਗੀ। ਐਂਟੀਜਨ ਟੈਸਟਸ, ਜਿਨ੍ਹਾਂ ਉੱਤੇ ਸਿਰਫ 40 ਡਾਲਰ ਤੋਂ 60 ਡਾਲਰ ਤੱਕ ਦੀ ਲਾਗਤ ਆਉਂਦੀ ਹੈ, ਕੈਨੇਡਾ ਵਿੱਚ ਦਾਖਲੇ ਲਈ ਸਵੀਕਾਰਨਯੋਗ ਨਹੀਂ ਹੋਣਗੇ। 72 ਘੰਟਿਆਂ ਤੋਂ ਘੱਟ ਦੇ ਟਰਿੱਪਸ ਲਈ, ਟਰੈਵਲਰਜ਼ ਮੌਜੂਦਾ ਨਿਯਮਾਂ ਤਹਿਤ ਡਿਪਾਰਚਰ ਤੋਂ ਪਹਿਲਾਂ ਕੈਨੇਡਾ ਵਿੱਚ ਕੋਵਿਡ-19 ਟੈਸਟ ਕਰਵਾ ਸਕਦੇ ਹਨ।






## ਅੱਜ ਨਾਮਾ >>

ਕਾਂਗਰਸ, ਭਾਜਪਾ, ਪਿੱਛੋਂ ਅਕਾਲੀਆਂ ਦੇ,
ਪਾਰਟੀ ਆਪ ਦਾ ਗੇੜਾ ਵੀ ਲਾ ਆਇਆ।
ਚਾਹੀਦਾ ਟਿਕਟ ਬੱਸ ਇੱਕ ਅਸੈਂਬਲੀ ਦਾ,
ਕਈਆਂ ਦਲਾਂ ਨਾਲ ਸਾਂਝ ਜਤਾ ਆਇਆ।
ਜਿਹੜਾ ਨੇਤਾ ਈ ਲਿਸਟ ਬਣਾਉਣ ਵਾਲਾ,
ਭਰਿਆ ਨੋਟਾਂ ਨਾਲ ਬੈਗ ਦਿਖਾ ਆਇਆ।
ਤੇਰੀ ਸੀਟ ਦਾ ਚੁੱਕ ਲਊਂ ਖਰਚ ਮਿੱਤਰ,
ਕਹਿੰਦੇ ਏਦਾਂ ਦਾ ਚੋਗਾ ਵੀ ਪਾ ਆਇਆ।
ਮੂਹਰੇ ਨੋਟਾਂ ਦੇ ਨੀਂਵੀਂ ਪਈ ਵਫਾਦਾਰੀ,
ਤਕੜੀ ਦੌਲਤ ਤੇ ਮਾੜੇ ਅਸੂਲ ਮਿੱਤਰ।
ਜਿਨ੍ਹਾਂ ਖਰਚ ਕੇ ਦੌਲਤ ਆ ਜਿੱਤ ਜਾਣਾ,
ਲੈਣਗੇ ਖਰਚਣ ਤੋਂ ਵੱਧ ਵਸੂਲ ਮਿੱਤਰ।

**ਤੀਸ ਮਾਰ ਖਾਂ**

# ਸੁਖਪਾਲ ਸਿੰਘ ਖਹਿਰਾ ਦੀ ਰਿਮਾਂਡ ਪਿੱਛੋਂ ਵਿਸ਼ੇਸ਼ ਅਦਾਲਤ ਵਿੱਚ ਪੇਸ਼ੀ

*** ਕਾਂਗਰਸੀ ਆਗੂਆਂ ਉੱਤੇ ਗੰਭੀਰ ਦੋਸ਼ ਲਾਏ**

ਚੰਡੀਗੜ੍ਹ, 18 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਹਲਕਾ ਭੁਲੱਥ ਤੋਂਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ 7 ਦਿਨਾਂ ਦੇ ਰਿਮਾਂਡ ਪਿੱਛੋਂ ਅੱਜ ਵੀਰਵਾਰ ਨੂੰ ਫਿਰ ਚੰਡੀਗੜ੍ਹ ਵਿਖੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ)ਅਦਾਲਤ ਵਿੱਚ ਪੇਸ਼ ਕੀਤਾ ਗਿਆ। ਈ ਡੀ ਟੀਮ ਨੇਸੁਖਪਾਲ ਸਿੰਘ ਖਹਿਰਾ ਨੂੰਬੀਤੀ 11 ਨਵੰਬਰ ਨੂੰ ਮਨੀ ਲਾਂਡਰਿੰਗ ਕੇਸਵਿੱਚ ਗ੍ਰਿਫਤਾਰ ਕੀਤਾ ਸੀ, ਜਿਸ ਪਿੱਛੋਂ ਉਹ ਲਗਾਤਾਰ ਇਸ ਏਜੰਸੀ ਦੇ ਰਿਮਾਂਡ ਉੱਤੇ ਸਨ।

ਈ ਡੀਵੱਲੋਂ ਮਨੀ ਲਾਂਡਰਿੰਗ ਕੇਸਵਿੱਚ ਗ੍ਰਿਫ਼ਤਾਰ ਕੀਤੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਮੁਹਾਲੀ ਵਿੱਚ ਅੱਜ ਡਿਊਟੀ ਮੈਜਿਸਟਰੇਟ ਰੰਜਨ ਕੁਮਾਰ ਖੁੱਲਰ ਦੀ ਈ ਡੀਅਦਾਲਤ ਵਿੱਚ ਪੇਸ਼ ਕਰਨਮੌਕੇ ਵੱਡੀ ਗਿਣਤੀ ਵਿੱਚਉਸ ਦੇ ਸਮਰਥਕ ਅਦਾਲਤਵਿੱਚ ਮੌਜੂਦ ਸਨ।ਪੇਸ਼ੀ ਤੋਂ ਪਹਿਲਾਂ ਖਹਿਰਾ ਸਮਰਥਕਾਂ ਨੇ ਕੋਰਟ ਕੰਪਲੈਕਸ ਵਿੱਚਖਹਿਰਾ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ। ਸੁਣਵਾਈ ਮੌਕੇ ਈ ਡੀ ਨੇ ਸੁਖਪਾਲ ਸਿੰਘਖਹਿਰਾ ਦਾ 14 ਦਿਨ ਰਿਮਾਂਡ ਮੰਗਿਆ। ਬਚਾਅ ਪੱਖ ਨੇ ਵਿਰੋਧ ਕੀਤਾ। ਅਦਾਲਤ ਨੇ ਇਸ ਉੱਤੇਖਹਿਰਾ ਨੂੰ 14 ਦਿਨ ਦੀ ਜੁਡੀਸ਼ਲ ਹਿਰਾਸਤ ਵਿੱਚ ਭੇਜ ਦਿੱਤਾ।

ਇਸ ਮੌਕੇ ਸੁਖਪਾਲ ਸਿੰਘ ਖਹਿਰਾ ਨੇ ਕਿਸੇ ਦਾ ਨਾਂਅ ਲਏ ਬਿਨਾਂ ਕਿਹਾ ਕਿ ਕੁਝ ਕਾਂਗਰਸੀ ਆਗੂ ਉਨ੍ਹਾਂ ਖਿਲਾਫ ਸਾਜ਼ਿਸ਼ ਰਚ ਰਹੇ ਹਨ ਅਤੇ ਸਮਾਂ ਆਉਣ ਉੱਤੇ ਅਸੀਂ ਇਨ੍ਹਾਂ ਨੂੰ ਜਵਾਬ ਦੇਵਾਂਗੇ। ਉਨ੍ਹਾਂ ਕਿਹਾ ਕਿ ਉਹ ਬੇਦਾਗ ਹਨ ਅਤੇ ਯਕੀਨੀ ਤੌਰ ਉੱਤੇ ਕੇਸ ਜਿੱਤਣਗੇ। ਸੁਖਪਾਲ ਸਿੰਘ ਖਹਿਰਾ ਨੂੰ ਇੱਕ ਹਫਤਾ ਪਹਿਲਾਂ ਈ ਡੀ ਨੇ ਪੁੱਛਗਿੱਛ ਕਰਨ ਲਈ ਚੰਡੀਗੜ੍ਹ ਵਿੱਚ ਆਪਣੇ ਦਫਤਰ ਬੁਲਾਇਆ ਅਤੇ ਗ੍ਰਿਫਤਾਰ ਕਰ ਲਿਆ ਸੀ। ਈਡੀ ਨੇ ਦੋਸ਼ ਲਾਇਆ ਸੀ ਕਿ ਸੁਖਪਾਲ ਸਿੰਘ ਖਹਿਰਾ ਡਰੱਗ ਕੇਸ ਦਾ ਦੋਸ਼ੀ ਤੇ ਫਰਜ਼ੀ ਪਾਸਪੋਰਟ ਰੈਕੇਟ ਨਾਲ ਵੀ ਸੰਬੰਧਤ ਹੈ। ਸਾਬਕਾ ਵਿਧਾਇਕ ਖਹਿਰਾ ਤੋਂ ਡਰੱਗਕੇਸ ਵਿੱਚਈਡੀ ਸਾਲ 2015 ਤੋਂ ਪੁੱਛਗਿੱਛ ਕਰ ਰਹੀ ਹੈ। ਇਸ ਤੋਂ ਪਹਿਲਾਂ ਈਡੀ ਨੇ ਸੁਖਪਾਲ ਸਿੰਘ ਖਹਿਰਾ ਦੀਭੁਲੱਥ ਨੇੜਲੇ ਪਿੰਡ ਰਾਮਗੜ੍ਹ ਸਰਦਾਰਾਂ ਵਾਲੀ ਰਿਹਾਇਸ਼ ਉੱਤੇ ਛਾਪਾ ਮਾਰਿਆ ਸੀ।ਉਸ ਨੂੰ ਕੇਂਦਰ ਦੀ ਇਸ ਜਾਂਚ ਏਜੰਸੀ ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਹੇਠ ਗ੍ਰਿਫਤਾਰ ਕੀਤਾ ਹੈ।

ਕੇਸ ਦੇ ਸੰਬੰਧ ਵਿੱਚ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਫੰਡਿੰਗ ਕਾਰਨ ਉਸ ਉਪਰ ਦੋਸ਼ ਲੱਗੇ ਹਨ, ਉਹ ਸਿਰਫ ਉਸ ਪਾਰਟੀ ਵੱਲੋਂ ਅਧਿਕਾਰਤ ਤੌਰ ਉੱਤੇ ਵਿਦੇਸ਼ ਗਿਆ ਸੀ ਤੇ ਉਸ ਨੇ ਕੋਈ ਪੈਸਾ ਨਹੀਂ ਲਿਆ। ਖਹਿਰਾ ਨੇ ਇਹ ਵੀ ਕਿਹਾ ਕਿ ਜਿਸ ਫਾਜ਼ਲੀ ਕੇਸਬਾਰੇ ਉਸ ਤੋਂ ਪੁੱਛਗਿੱਛ ਚੱਲ ਰਹੀ ਹੈ, ਉਸ ਉੱਤੇ ਸੁਪਰੀਮ ਕੋਰਟ ਸਟੇਅ ਦੇ ਚੁੱਕੀ ਹੈ।ਖਹਿਰਾ ਨੇ ਕਾਂਗਰਸ ਪਾਰਟੀ ਬਾਰੇ ਰੋਸ ਕੀਤਾ ਅਤੇ ਕਿਹਾ ਕਿ ਮੈਨੂੰ ਦੁੱਖ ਹੈ ਕਿ ਮੇਰੀ ਪਾਰਟੀ ਨੇ ਸਾਥ ਨਹੀਂ ਦਿੱਤਾ। ਉਸ ਨੇ ਕਿਹਾ ਕਿ ਭਾਜਪਾ ਤਾਂ ਮੇਰੇ ਵਿਰੁੱਧ ਸੀ ਹੀ, ਪਰ ਜਿਹੜੀਮੇਰੇ ਨਾਲ ਮੇਰੀ ਪਾਰਟੀ ਵਿੱਚੋਂ ਬੁੱਕਲ ਦੇ ਸੱਪਾਂ ਨੇ ਸਾਜ਼ਿਸ਼ ਰਚੀ ਹੈ, ਮੈਂ ਉਸਦਾ ਆਉਣ ਵਾਲੇ ਦਿਨਾਂ ਵਿੱਚ ਬਾਹਰ ਆ ਕੇ ਖੁਲਾਸਾ ਕਰਾਂਗਾ।

# ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਫੋਰਡ ਸਰਕਾਰ ਨੇ ਲਾਂਚ ਕੀਤੀ ਨਵੀਂ ਟੈਸਟਿੰਗ ਸਟ੍ਰੈਟੇਜੀ



ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਸਿਆਲਾਂ ਦੇ ਇਨ੍ਹਾਂ ਮਹੀਨਿਆਂ ਵਿੱਚ ਕੋਵਿਡ-19 ਦੇ ਪਸਾਰ ਨੂੰ ਰੋਕਣ ਲਈ ਫੋਰਡ ਸਰਕਾਰ ਵੱਲੋਂ ਨਵੀਂ ਟੈਸਟਿੰਗ ਸਟ੍ਰੈਟੇਜੀ ਲਾਂਚ ਕੀਤੀ ਜਾ ਰਹੀ ਹੈ।

ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਜਦੋਂ ਵੱਧ ਤੋਂ ਵੱਧ ਓਨਟਾਰੀਓ ਵਾਸੀ ਆਪਣੇ ਘਰਾਂ ਵਿੱਚ ਸਮਾਂ ਗੁਜ਼ਾਰਨਗੇ ਤਾਂ ਇੱਕ ਦੂਜੇ ਨਾਲ ਨੇੜਲੇ ਸੰਪਰਕ ਕਾਰਨ ਕੋਵਿਡ-19 ਦੇ ਨਵੇਂ ਮਾਮਲਿਆਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਹੈ। ਵੀਰਵਾਰ ਨੂੰ ਐਲਾਨੀ ਗਈ ਯੋਜਨਾ ਤਹਿਤ ਤੇਜ਼ੀ ਨਾਲ ਟੈਸਟ ਸੰਭਵ ਹੋ ਸਕਣਗੇ ਤੇ ਉਨ੍ਹਾਂ ਦੇ ਨਤੀਜੇ ਵੀ ਨਾਲ ਦੀ ਨਾਲ ਹਾਸਲ ਕੀਤੇ ਜਾ ਸਕਣਗੇ। ਇਸ ਯੋਜਨਾ ਤਹਿਤ ਪ੍ਰੋਵਿੰਸ ਵੱਲੋਂ ਇਸ ਹਫਤੇ ਤੋਂ ਹੀ 600 ਫਾਰਮੇਸੀਜ਼ ਨੂੰ ਪੀਸੀਆਰ ਟੈਸਟ ਕਰਨ ਲਈ ਸੂਚੀਬੱਧ ਕੀਤਾ ਜਾਵੇਗਾ। ਇੱਥੇ ਉਹ ਲੋਕ ਵੀ ਆਪਣੇ ਪੀਸੀਆਰ ਟੈਸਟ ਕਰਵਾ ਸਕਣਗੇ ਜਿਨ੍ਹਾਂ ਨੂੰ ਕੋਵਿਡ-19 ਵਰਗੇ ਲੱਛਣ ਲੱਗਦੇ ਹੋਣਗੇ। ਜ਼ਿਕਰਯੋਗ ਹੈ ਕਿ ਪਹਿਲਾਂ ਫਾਰਮੇਸੀਜ਼ ਵਿੱਚ ਉਨ੍ਹਾਂ ਦਾ ਹੀ ਟੈਸਟ ਕੀਤਾ ਜਾਂਦਾ ਸੀ ਜਿਹੜੇ ਏਸਿੰਪਟੋਮੈਟਿਕ ਹੁੰਦੇ ਸਨ।

ਇਨ ਸਟੋਰ ਲੈਬ ਆਧਾਰਤ ਪੀਸੀਆਰ ਟੈਸਟਿੰਗ ਤੋਂ ਇਲਾਵਾ ਲੋਕਾਂ ਦੀ ਪਹੁੰਚ ਟੇਕ ਹੋਮ ਟੈਸਟਸ ਲਈ ਡਰੌਪ ਆਫ ਪ੍ਰੋਗਰਾਮ ਤੱਕ ਵੀ ਹੋਵੇਗੀ। ਇਸ ਤੋਂ ਇਲਾਵਾ ਅਪੁਆਇੰਟਮੈਂਟ ਦੇ ਨਾਲ ਰੈਪਿਡ ਮੌਲੀਕਿਊਲਰ ਟੈਸਟਿੰਗ ਵੀ ਹੋਵੇਗੀ, ਇਸ ਦੇ ਨਤੀਜੇ 15 ਤੋਂ 30 ਮਿੰਟ ਦੇ ਅੰਦਰ ਹੀ ਆ ਜਾਣਗੇ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਪੀਸੀਆਰ ਸੈਲਫ ਕੁਲੈਕਸ਼ਨ ਕਿੱਟਸ ਵੀ ਮੁਹੱਈਆ ਕਰਵਾਈਆਂ ਜਾਣਗੀਆਂ। 23 ਦਸੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਸਰਦੀ ਦੀਆਂ ਛੁੱਟੀਆਂ ਤੋਂ ਪਹਿਲਾਂ ਵਿਦਿਆਰਥੀਆਂ ਨੂੰ 11 ਮਿਲੀਅਨ ਰੈਪਿਡ ਐਂਟੀਜਨ ਟੈਸਟਸ ਮੁਹੱਈਆ ਕਰਵਾਏ ਜਾਣਗੇ। ਹਰੇਕ ਵਿਦਿਆਰਥੀ ਨੂੰ ਪੰਜ ਟੈਸਟਸ ਵਾਲਾ ਬਾਕਸ ਮਿਲੇਗਾ ਜਿਹੜਾ ਉਸ ਨੇ ਤਿੰਨ ਤੋਂ ਪੰਜ ਦਿਨਾਂ ਦੇ ਫਰਕ ਨਾਲ ਵਰਤੋਂ ਵਿੱਚ ਲਿਆਉਣਾ ਹੋਵੇਗਾ। ਪ੍ਰੋਵਿੰਸ਼ੀਅਲ ਸਰਕਾਰ ਨੇ ਪ੍ਰਾਈਵੇਟ ਕੰਪਨੀ ਬੀਟੀਐਨਐਕਸ ਤੋਂ ਇਹ ਟੈਸਟਸ ਖਰੀਦਣ ਲਈ 50 ਮਿਲੀਅਨ ਡਾਲਰ ਖਰਚੇ ਹਨ।

# ਕੋਵਿਡ-19 ਆਊਟਬ੍ਰੇਕ ਕਾਰਨ ਇਸਲਾਮਿਕ ਸਕੂਲ ਕੀਤਾ ਜਾਵੇਗਾ ਬੰਦ

ਸਕਾਰਬਰੋ, 18 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਆਊਟਬ੍ਰੇਕ ਕਾਰਨ ਸਕਾਰਬਰੋ ਸਥਿਤ ਇਸਲਾਮਿਕ ਸਕੂਲ ਵੱਲੋਂ ਜਲਦ ਹੀ ਆਪਣੇ ਦਰਵਾਜ਼ੇ ਆਰਜ਼ੀ ਤੌਰ ਉੱਤੇ ਬੰਦ ਕਰ ਲਏ ਜਾਣਗੇ। ਸਕੂਲ ਵਿੱਚ ਵੀਰਵਾਰ ਨੂੰ ਅੱਠ ਨਵੇਂ ਕੇਸ ਦਰਜ ਕੀਤੇ ਗਏ।

ਟੋਰਾਂਟੋ ਪਬਲਿਕ ਹੈਲਥ (ਟੀਪੀਐਚ) ਵੱਲੋਂ ਕੀਤੀ ਗਈ ਸਿਫਾਰਿਸ਼ ਅਨੁਸਾਰ 741 ਕੈਨੇਡੀ ਰੋਡ ਉੱਤੇ ਸਥਿਤ ਸਾਲਾਹਦੀਨ ਇਸਲਾਮਿਕ ਸਕੂਲ ਵਿੱਚ ਇਨ ਪਰਸਨ ਪੜ੍ਹਾਈ ਤੇ ਗਤੀਵਿਧੀਆਂ ਜਿਹੜੀਆਂ 19 ਨਵੰਬਰ ਤੋਂ ਸ਼ੁਰੂ ਹੋਣ ਜਾ ਰਹੀਆਂ ਸਨ ਉਨ੍ਹਾਂ ਉੱਤੇ ਰਕ ਲਾ ਦਿੱਤੀ ਜਾਵੇ। ਸਕੂਲ ਵੱਲੋਂ ਇਸ ਦੀ ਪੁਸ਼ਟੀ ਕੀਤੀ ਗਈ ਹੈ ਕਿ ਉਹ ਇਸ ਆਊਟਬ੍ਰੇਕ ਕਾਰਨ ਘੱਟੋ ਘੱਟ 10 ਦਿਨਾਂ ਲਈ ਆਪਣੇ ਦਰਵਾਜ਼ੇ ਬੰਦ ਕਰਨ ਜਾ ਰਿਹਾ ਹੈ।

ਟੀਪੀਐਚ ਨੇ ਆਖਿਆ ਕਿ ਹੁਣ ਤੱਕ ਉਨ੍ਹਾਂ ਨੇ ਸਕੂਲ ਵਿੱਚ ਕੋਵਿਡ-19 ਦੇ 13 ਮਾਮਲਿਆਂ ਦੀ ਸ਼ਨਾਖ਼ਤ ਕੀਤੀ ਹੈ, ਜਿਨ੍ਹਾਂ ਵਿੱਚੋਂ ਵੀਰਵਾਰ ਨੂੰ ਅੱਠ ਨਵੇਂ ਮਾਮਲੇ ਰਿਪੋਰਟ ਕੀਤੇ ਗਏ।

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



ੴ
Greetings from:
Jagdish Grewal
416-970-5005
Jas Toor
647-242-8667
ੴ

# ਸੰਪਾਦਕੀ

## ਕਿਉਂ ਖੱਟਾਈ ਵਿੱਚ ਹੈ ਫੈਡਰਲ-ਉਂਟੇਰੀਓ ਚਾਈਲਡ ਕੇਅਰ ਡੀਲ

ਸਾਲ 2021 ਦੇ ਬੱਜਟ ਵਿੱਚ ਫੈਡਰਲ ਸਰਕਾਰ ਨੇ ਆਪਣੀ ਮਹੱਤਵਆਕਾਂਕਸ਼ੀ ਚਾਈਲਡ ਕੇਅਰ ਯੌਜਨਾ ਦਾ ਐਲਾਨ ਕੀਤਾ ਸੀ ਜਿਸ ਤਹਿਤ ਅਗਲੇ ਪੰਜ ਸਾਲਾਂ ਵਿੱਚ 29.8 ਬਿਲੀਅਨ ਡਾਲਰ ਖਰਚਣੇ ਨਿਰਧਾਰਤ ਕੀਤੇ ਸਨ। 2.5 ਬਿਲੀਅਨ ਡਾਲਰ ਮੂਲਵਾਸੀ ਬੱਚਿਆਂ ਦੀ ਸੰਭਾਲ ਲਈ ਰਾਖਵੇਂ ਸਨ ਜਦੋਂ ਕਿ ਬਾਕੀ 27.2 ਬਿਲੀਅਨ ਡਾਲਰ ਪ੍ਰੋਵਿੰਸਾਂ ਅਤੇ ਟੈਰੀਟੋਰੀਆਂ ਵਿੱਚ 0 ਤੋਂ 12 ਸਾਲ ਉਮਰ ਦੇ ਬੱਚਿਆਂ ਦੀ ਜਨਸੰਖਿਆ ਦੇ ਅਨੁਪਾਤ ਅਨੁਸਾਰ ਵੰਡੇ ਜਾਣੇ ਹਨ। ਇਸ ਯੋਜਨਾ ਦਾ ਮੰਤਵ ਹੈ ਕਿ ਇੱਕ ਬੱਚੇ ਉੱਤੇ ਹੋਣ ਵਾਲਾ ਡੇਅ ਕੇਅਰ ਦਾ ਖਰਚਾ 2022 ਵਿੱਚ ਅੱਧਾ ਰਹਿ ਜਾਵੇ ਅਤੇ ਸਾਲ 2026 ਵਿੱਚ ਪ੍ਰਤੀ ਬੱਚਾ ਡੇਅ ਕੇਅਰ ਖਰਚਾ ਘਟ ਕੇ ਸਿਰਫ਼ 10 ਡਾਲਰ ਪ੍ਰਤੀ ਦਿਨ ਹੋ ਜਾਵੇ। ਇਸ ਫਾਰਮੂਲੇ ਅਨੁਸਾਰ ਸੱਭ ਤੋਂ ਵੱਧ ਪੈਸੇ 10.2 ਬਿਲੀਅਨ ਡਾਲਰ ਉਂਟੇਰੀਓ ਨੂੰ ਮਿਲਣੇ ਹਨ ਪਰ ਉਂਟੇਰੀਓ ਦੀ ਡੱਗ ਫੋਰਡ ਸਰਕਾਰ ਵੱਲੋਂ ਇਸ ਫਾਰਮੂਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਂਟੇਰੀਓ ਪ੍ਰੀਮੀਅਰ ਡੱਗ ਫੋਰਡ ਅਤੇ ਸਿੱਖਿਆ ਮੰਤਰੀ ਸਟੀਫਲਨ ਲੈਕੀ ਚਾਹੁੰਦੇ ਹਨ ਕਿ ਉਂਟੇਰੀਓ ਨੂੰ ਬਿਹਤਰ ਡੀਲ ਮਿਲਣੀ ਚਾਹੀਦੀ ਹੈ।

ਸੁਆਲ ਉੱਠਦਾ ਹੈ ਕਿ ਜਿਸ ਡੀਲ ਨੇ ਬੱਚਿਆਂ ਦੀ ਡੇਅ ਕੇਅਰ ਖਰਚੇ ਨੂੰ ਐਨਾ ਘੱਟ ਕਰ ਦੇਣਾ ਹੈ, ਮਿਲਣ ਵਾਲੇ 10.2 ਬਿਲੀਅਨ ਡਾਲਰਾਂ ਨਾਲ ਉਂਟੇਰੀਓ ਵਿੱਚ ਅਨੇਕਾਂ ਜੌਬਾਂ ਪੈਦਾ ਹੋਣਗੀਆਂ ਤਾਂ ਉਂਟੇਰੀਓ ਸਰਕਾਰ ਡੀਲ ਦਾ ਵਿਰੋਧ ਕਰਕੇ ਆਤਮਘਾਤੀ ਸਟੈਂਡ ਕਿਉਂ ਲੈ ਰਹੀ ਹੈ? ਹਕੀਕਤ ਇਹ ਹੈ ਕਿ ਸਮੁੱਚੇ ਕੈਨੇਡਾ ਵਿੱਚ ਡੇਅ ਕੇਅਰ ਦੀ ਜ਼ਮੀਨੀ ਹਕੀਕਤ ਨੂੰ ਇੱਕੋ ਰੱਸੇ ਨਹੀਂ ਬੰਨਿਆ ਜਾ ਸਕਦਾ। ਮਿਸਾਲ ਵਜੋਂ ਫੈਡਰਲ ਡੇਅ ਕੇਅਰ ਯੋਜਨਾ ਤਹਿਤ ਹਰ ਬੱਚੇ ਲਈ ਇੱਕੋ ਜਿੰਨੇ ਡਾਲਰ ਨਿਰਧਾਰਤ ਕੀਤੇ ਗਏ ਹਨ ਪਰ ਡੇਅ ਕੇਅਰ ਖਰਚੇ ਅਲੱਗ ਅਲੱਗ ਇਲਾਕਿਆਂ ਵਿੱਚ ਵੱਖੋ ਵੱਖਰੇ ਹਨ। ਕੈਨੇਡੀਅਨ ਸੈਂਟਰ ਫਾਰ ਪਾਲਸੀ ਆਲਟਰਨੇਟਿਵ ਦੀ ਰਿਪੋਰਟ ਅਨੁਸਾਰ ਕਿਉਬਿੱਕ ਵਿੱਚ ਪ੍ਰਤੀ ਬੱਚਾ ਡੇਅ ਕੇਅਰ ਖਰਚਾ 181 ਡਾਲਰ, ਵਿੱਨੀਪੈਗ ਵਿੱਚ 451 ਡਾਲਰ, ਸਰੀ ਵਿੱਚ 1000 ਡਾਲਰ ਹੈ। ਇਸਦੇ ਉਲਟ ਟੋਰਾਂਟੋ ਵਿੱਚ ਬੱਚਿਆਂ ਦੀ ਡੇਅ ਕੇਅਰ ਦਾ ਪ੍ਰਤੀ ਮਹੀਨਾ ਖਰਚਾ 1327 ਡਾਲਰ, ਰਿਚਮੰਡ ਹਿੱਲ ਵਿੱਚ 1300 ਡਾਲਰ, ਮਿਸੀਸਾਗਾ ਵਿੱਚ 1284 ਡਾਲਰ, ਬਰੈਂਪਟਨ ਵਿੱਚ 1269 ਡਾਲਰ ਹੈ। ਜੇ ਫੈਡਰਲ ਡੀਲ ਨੂੰ ਉਂਟੇਰੀਓ ਲਈ ਸਹੀ ਮੰਨ ਲਿਆ ਜਾਵੇ ਤਾਂ 2026 ਤੱਕ ਇੱਥੇ ਪ੍ਰਤੀ ਬੱਚਾ ਖਰਚਾ 21 ਡਾਲਰ ਪ੍ਰਤੀ ਦਿਨ ਹੋਵੇਗਾ ਨਾ ਕਿ 10 ਡਾਲਰ ਜਿਵੇਂ ਕਿ ਫੈਡਰਲ ਸਰਕਾਰ ਦਾਅਵਾ ਕਰਦੀ ਹੈ।

ਜਦੋਂ ਗੱਲ ਇੰਮੀਗਰਾਂਟਾਂ ਬਹੁ ਗਿਣਤੀ ਵਾਲੇ ਇਲਾਕਿਆਂ ਦੀ ਆਉਂਦੀ ਹੈ ਵੱਧ ਖਰਚੇ ਦੇ ਨਾਲ ਨਾਲ ਇੱਕ ਹੋਰ ਮਸਲਾ ਹੈ ਜੋ ਸਿਆਸਤ ਦੀ ਮੱਘਦੀ ਬਹਿਸ ਵਿੱਚ ਬਹੁਤੀ ਵਾਰ ਅਣਗੌਲਿਆ ਰਹਿ ਜਾਂਦਾ ਹੈ। ਉਹ ਹੈ ਬੱਚਿਆਂ ਲਈ ਲਾਇਸੰਸਸ਼ੁਦਾ ਡੇਅ ਕੇਅਰ ਸਥਾਨਾਂ ਦਾ ਉਪਲਬਧ ਨਾ ਹੋਣਾ। ਕੈਨੇਡੀਅਨ ਸੈਂਟਰ ਫਾਰ ਪਾਲਸੀ ਆਲਟਰਨੇਟਿਵ ਨੇ ਕੈਨੇਡਾ ਦੇ ਇਤਿਹਾਸ ਵਿੱਚ ਪਹਿਲੀ ਵਾਰ 2018 ਵਿੱਚ ਇੱਕ ਡਾਟਾਬੈਂਕ ਤਿਆਰ ਕੀਤਾ ਜਿਸ ਵਿੱਚ ਪੂਰੇ ਦੇਸ਼ ਵਿੱਚ ਪਾਏ ਜਾਂਦੇ ਲਾਇਸੰਸਸ਼ੁਦਾ ਡੇਅ ਕੇਅਰ ਸੈਂਟਰਾਂ ਦਾ ਸੰਪੂਰਣ ਵੇਰਵਾ ਸ਼ਾਮਲ ਸੀ। ਜਿਹਨਾਂ ਇਲਾਕਿਆਂ ਵਿੱਚ ਡੇਅ ਕੇਅਰ ਸੈਂਟਰ ਹੈ ਹੀ ਨਹੀਂ ਜਾਂ ਘੱਟ ਹਨ, ਉਹਨਾਂ ਨੂੰ ਰਿਪੋਰਟ ਵਿੱਚ 'ਡੇਅ ਕੇਅਰ ਰੇਗਸਤਾਨ' ਆਖਿਆ ਗਿਆ। ਮਜ਼ੇਦਾਰ ਤੱਥ ਇਹ ਕਿ ਜਿੱਥੇ ਕਿਉਬਿੱਕ ਦੇ ਕਈ ਵੱਡੇ ਸ਼ਹਿਰਾਂ ਵਿੱਚ ਔਸਤਨ ਕਵਰੇਜ ਦਰ 70% ਸੀ, ਉੱਥੇ ਬਰੈਂਪਟਨ ਵਿੱਚ ਇਹ ਦਰ ਮਹਿਜ਼ 20% ਪਾਈ ਗਈ। ਭਾਵ ਬਰੈਂਪਟਨ ਵਿੱਚ 100 ਯੋਗ ਬੱਚਿਆਂ ਵਿੱਚੋਂ ਸਿਰਫ਼ 20 ਤੋਂ 25 ਬੱਚਿਆਂ ਨੂੰ ਹੀ ਲਾਇਸੰਸਸ਼ੁਦਾ ਡੇਅ ਕੇਅਰ ਸੁਵਿਧਾ ਉਪਲਬਧ ਹੋ ਸਕਦੀ ਹੈ ਬੇਸ਼ੱਕ ਮਾਪਿਆਂ ਦੀ ਜੇਬ ਵਿੱਚ ਡਾਲਰ ਹੋਣ ਵੀ। ਫੈਡਰਲ ਅਤੇ ਉਂਟੇਰੀਓ ਸਰਕਾਰ ਦੀ ਲੜਾਈ ਵਿੱਚ ਦੋਵਾਂ ਧਿਰਾਂ ਦੇ ਆਪੋ ਆਪਣੇ ਪੱਖ ਹੋ ਸਕਦੇ ਹਨ ਪਰ ਜੇ ਉਂਟੇਰੀਓ ਨੂੰ ਥੋੜੀ ਬਹੁਤੀ ਅੱਛੀ ਡੀਲ ਮਿਲਦੀ ਹੈ ਤਾਂ ਬਰੈਂਪਟਨ ਮਿਸੀਸਾਗਾ ਵਰਗੇ ਸ਼ਹਿਰਾਂ ਨੂੰ ਥੋੜਾ ਬਹੁਤਾ ਸੁਖ ਦਾ ਸਾਹ ਆ ਸਕਦਾ ਹੈ।

ਕੋਵਿਡ 19 ਮਹਾਮਾਰੀ ਤੋਂ ਬਾਅਦ ਇਹ ਜਰੂਰੀ ਬਣ ਜਾਂਦਾ ਹੈ ਕਿ ਬੱਚਿਆਂ ਦੀ ਸਾਂਭ ਸੰਭਾਲ ਦਾ ਇੰਤਜ਼ਾਮ ਜਲਦੀ ਹੋਵੇ ਤਾਂ ਜੋ ਮਾਪੇ ਕੰਮ ਉੱਤੇ ਜਲਦੀ ਤੋਂ ਜਲਦੀ ਵਾਪਸ ਜਾ ਸੱਕਣ। ਜਰੂਰੀ ਇਹ ਵੀ ਹੈ ਕਿ ਬੱਚਿਆਂ ਨੂੰ ਸੰਭਾਲਣ ਦਾ ਇੰਤਜਾਮ ਅਜਿਹਾ ਹੋਵੇ ਜੋ ਅਗਲੇ ਪੰਜ ਸਾਲ ਨਹੀਂ ਸਗੋਂ ਲੰਬੇ ਸਮੇਂ ਲਈ ਵਾਜਬ ਹੋਵੇ। ਉਂਟੇਰੀਓ ਸਰਕਾਰ ਦਾ ਖਦਸ਼ਾ ਹੈ ਕਿ ਫੈਡਰਲ ਸਰਕਾਰ ਦੀ ਪੰਜ ਸਾਲਾ ਯੋਜਨਾ ਤੋਂ ਬਾਅਦ ਕੀ ਬਣੇਗਾ? ਫੈਡਰਲ ਸਰਕਾਰ ਡੀਲ ਉਂਟੇਰੀਓ ਉੱਤੇ ਇਹ ਸ਼ਰਤ ਵੀ ਲਾਉਂਦੀ ਹੈ ਕਿ ਫੰਡ ਸਿਰਫ਼ ਨਾਨ-ਪਰਾਫਟ ਗਰੁੱਪਾਂ ਨੂੰ ਹੀ ਦਿੱਤੇ ਜਾ ਸਕਦੇ ਹਨ ਜਦੋਂ ਕਿ ਉਂਟੇਰੀਓ ਵਿੱਚ 25% ਦੇ ਕਰੀਬ ਲਾਇਸੰਸਸ਼ੁਦਾ ਡੇਅ ਕੇਅਰ ਪ੍ਰਾਈਵੇਟ ਹਨ। ਅਲਬਰਟਾ ਵਿੱਚ 50% ਡੇਅ ਕੇਅਰ ਪ੍ਰਾਈਵੇਟ ਹਨ ਪਰ ਉੱਥੇ ਫੈਡਰਲ ਸਰਕਾਰ ਨੇ ਨਾਨ-ਪਰਾਫਿਟ ਅਤੇ ਪ੍ਰਾਈਵੇਟ ਸੈਂਟਰਾਂ ਵਿੱਚ ਕੋਈ ਫਰਕ ਨਹੀਂ ਰੱਖਿਆ। ਕਿਉਬਿੱਕ ਨੂੰ ਬਿਨਾ ਸ਼ਰਤ 6 ਬਿਲੀਅਨ ਡਾਲਰ ਦਿੱਤੇ ਜਾਣੇ ਹਨ ਭਾਵ ਪ੍ਰੋਵਿੰਸ ਜਿਵੇਂ ਚਾਹੇ ਜਿਸ ਚੀਜ ਉੱਤੇ ਚਾਹੇ, ਫੈਡਰਲ ਡਾਲਰ ਖਰਚਣ ਲਈ ਆਜ਼ਾਦ ਹੈ। ਡੱਗ ਫੋਰਡ ਸਰਕਾਰ ਦਾ ਸੁਆਲ ਹੈ ਕਿ ਜੇ ਅਲਬਰਟਾ ਨੂੰ ਛੋਟ ਦਿੱਤੀ ਜਾ ਸਕਦੀ ਹੈ, ਕਿਉਬਿੱਕ ਨੂੰ ਲੋੜੋਂ ਵੱਧ ਖੁੱਲ ਦਿਤੀ ਜਾ ਸਕਦੀ ਹੈ ਤਾਂ ਉਂਟੇਰੀਓ ਨਾਲ ਦਰਾਇਤ ਕਿਉਂ?

## 11ਵੀਂ ਸਾਲਾਨਾ ਗੁਰੂ ਨਾਨਕ ਰੇਡੀਓਥੌਨ ਤੇ ਫੂਡ ਡਰਾਈਵ ਅੱਜ



ਮਿਸੀਸਾਗਾ, 18 ਨਵੰਬਰ (ਪੋਸਟ ਬਿਊਰੋ) : ਸੀਜੇਐਮਆਰ 1320 ਏਐਮ ਰੇਡੀਓ ਸਟੇਸ਼ਨ ਦੇ ਪੰਜਾਬੀ ਰੇਡੀਓ ਪ੍ਰੋਡਿਊਸਰਜ਼ ਵੱਲੋਂ ਇੱਕ ਵਾਰੀ ਫਿਰ ਕਮਿਊਨਿਟੀ ਤੋਂ ਭੁੱਖ ਨੂੰ ਖ਼ਤਮ ਕਰਨ ਲਈ ਸੇਵਾ ਫੂਡ ਬੈਂਕ ਨਾਲ ਰਲ ਕੇ ਸਾਲਾਨਾ ਗੁਰੂ ਨਾਨਕ ਰੇਡੀਓਥੌਨ ਤੇ ਫੂਡ ਡਰਾਈਵ ਚਲਾਈ ਜਾ ਰਹੀ ਹੈ। ਇਸ ਸਾਲ, ਇਨ੍ਹਾਂ ਵੱਲੋਂ 11ਵੀਂ ਰੇਡੀਓਥੌਨ ਤੇ ਫੂਡ ਡਰਾਈਵ ਦੀ ਮੇਜ਼ਬਾਨੀ ਕੀਤੀ ਜਾਵੇਗੀ।
ਪਿਛਲੀਆਂ ਨੌਂ ਰੇਡੀਓਥੌਨਜ਼ ਤੇ ਫੂਡ ਡਰਾਈਵਜ਼ ਨੇ ਸਾਂਝੇ ਤੌਰ ਉੱਤੇ ਇੱਕ ਮਿਲੀਅਨ ਡਾਲਰਜ਼ ਤੇ 400,000 ਪਾਊਂਡਜ਼ ਫੂਡ, ਸੇਵਾ ਫੂਡ ਬੈਂਕ ਲਈ ਇੱਕਠਾ ਕੀਤਾ। 2021 ਵਿੱਚ ਹੋਣ ਜਾ ਰਹੀ ਇਹ ਰੇਡੀਓਥੌਨ ਸ਼ੁੱਕਰਵਾਰ, 19 ਨਵੰਬਰ ਨੂੰ ਗੁਰੂ ਨਾਨ ਦੇਵ ਦੀ ਦੇ ਪ੍ਰਕਾਸ਼ ਦਿਹਾੜੇ ਉੱਤੇ ਹੋਵੇਗੀ। ਸਮਰਥਕਾਂ ਵੱਲੋਂ ਕਿਸੇ ਵੀ ਪੰਜਾਬੀ ਸ਼ੋਅਜ਼ ਦੌਰਾਨ ਕਾਲ ਕਰਕੇ ਆਪਣਾ ਤਹੱਈਆ ਆਨ ਏਅਰ ਕੀਤਾ ਜਾ ਸਕਦਾ ਹੈ। ਇਹ ਸ਼ੋਅ ਹੋਣਗੇ ਰੰਗਲਾ ਪੰਜਾਬ, ਪੰਜਾਬ ਦੀ ਗੂੰਜ, ਗੀਤਾਂ ਨਾਲ ਪ੍ਰੀਤਾਂ, ਆਪਣਾ ਪੰਜਾਬ ਰੇਡੀਓ, ਸਰਗਮ, ਅੱਜ ਦੀ ਆਵਾਜ਼। ਸਰੋਤੇ 20 ਨਵੰਬਰ ਨੂੰ ਸੁਰਖਾਬ ਰੇਡੀਓ, ਸਾਡਾ ਵਿਰਸਾ ਤੇ ਰੋਡ ਨਿਊਜ਼ ਰੰਗੋਲੀ ਪ੍ਰੋਗਰਾਮ ਰਾਹੀਂ ਵੀ ਡੋਨੇਸ਼ਨਜ਼ ਦੇ ਸਕਣਗੇ।

ਸੀਜੇਐਮਆਰ 1320 ਏਐਮ ਰੇਡੀਓ ਸਟੇਸ਼ਨ ਦੇ ਮਾਲਕਾਂ ਵੱਲੋਂ ਦ ਫੂਡ ਡਰਾਈਵ ਦੀ ਸ਼ੁਰੂਆਤ ਸ਼ਨਿੱਚਰਵਾਰ 20 ਨਵੰਬਰ ਨੂੰ 11:00 ਤੋਂ ਦੁਪਹਿਰ ਦੇ 3:00 ਵਜੇ ਤੱਕ ਪੀਲ ਰੀਜਨ ਦੇ 15 ਸਾਊਥ ਏਸ਼ੀਅਨ ਗਰੋਸਰੀ ਸਟੋਰਜ਼ ਤੋਂ ਕੀਤੀ ਜਾਵੇਗੀ। ਰੇਡੀਓ ਦੇ ਹੋਸਟ ਕੁਲਦੀਪ ਦੀਪਕ ਨੇ ਆਖਿਆ ਕਿ ਦੁਨੀਆਂ ਭਰ ਦੇ ਸਿੱਖਾਂ ਵੱਲੋਂ 2021 ਵਿੱਚ ਜਦੋਂ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੇ ਜਸ਼ਨ ਮਨਾਏ ਜਾਣਗੇ ਅਜਿਹੇ ਵਿੱਚ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਚੜ੍ਹਦੀ ਕਲਾ ਸਰਬੱਤ ਦਾ ਭਲਾ ਤੇ ਨਿਸਵਾਰਥ ਸੇਵਾ ਨੂੰ ਆਪਣੇ ਜੀਵਨ ਵਿੱਚ ਉਤਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਇਸ ਮੌਕੇ ਜੋਤੀ ਬੇਦੀ ਨੇ ਆਖਿਆ ਕਿ ਇਸ ਵਾਰੀ ਕੋਵਿਡ-19 ਮਹਾਂਮਾਰੀ ਹੋਣ ਕਾਰਨ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ। ਇਸ ਲਈ ਆਪ ਸੱਭ ਦੇ ਸਹਿਯੋਗ ਦੀ ਪਹਿਲਾਂ ਤੋਂ ਵੀ ਜ਼ਿਆਦਾ ਲੋੜ ਹੈ ਤਾਂ ਕਿ ਅਸੀਂ 1000 ਤੋਂ ਵੀ ਵੱਧ ਪਰਿਵਾਰਾਂ ਨੂੰ ਮਹੀਨਾਵਾਰੀ ਫੂਡ ਮੁਹੱਈਆ ਕਰਵਾ ਸਕੀਏ।

## ਨਸ਼ਿਆਂ ਦੀ ਸਮਗਲਿੰਗ ਕਰਨ ਵਾਲੀ ਆਰਗੇਨਾਈਜ਼ੇਸ਼ਨ ਦਾ ਪਰਦਾਫਾਸ਼



ਓਨਟਾਰੀਓ, 18 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਤੇ ਲੰਡਨ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਵੱਡੀ ਪੱਧਰ ਉੱਤੇ ਨਸ਼ਿਆਂ ਦੀ ਸਮਗਲਿੰਗ ਕਰਨ ਵਾਲੀ ਆਰਗੇਨਾਈਜ਼ੇਸ਼ਨ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਹ ਆਰਗੇਨਾਈਜ਼ੇਸ਼ਨ ਦੇਸ਼ ਵਿੱਚ ਹੀ ਨਹੀਂ ਸਗੋਂ ਦੁਨੀਆਂ ਭਰ ਵਿੱਚ ਮੈਰੀਯੁਆਨਾ ਨਾਲ ਸਬੰਧਤ ਗੈਰਕਾਨੂੰਨੀ ਪਦਾਰਥ ਵੇਚ ਰਹੀ ਸੀ।

16 ਮਹੀਨੇ ਤੱਕ ਚੱਲੀ ਸਾਂਝੀ ਜਾਂਚ ਤੋਂ ਬਾਅਦ ਲੰਡਨ, ਓਨਟਾਰੀਓ ਵਿੱਚ ਮੈਰੀਯੁਆਨਾ ਦੀ ਗੈਰਕਾਨੂੰਨੀ ਸਮਗਲਿੰਗ ਤਹਿਤ 32 ਮਿਲੀਅਨ ਡਾਲਰ ਦੇ ਗੈਰਕਾਨੂੰਨੀ ਪਦਾਰਥ ਫੜ੍ਹੇ ਗਏ। 118 ਮਾਮਲਿਆਂ ਵਿੱਚ 21 ਵਿਅਕਤੀ ਨੂੰ ਚਾਰਜ ਕੀਤਾ ਗਿਆ। ਇਨ੍ਹਾਂ ਚਾਰਜਿਜ਼ ਵਿੱਚ ਕੈਨਾਬਿਸ ਐਕਟ ਐਂਡ ਦ ਕੰਟਰੋਲਡ ਡਰੱਗਜ਼ ਐਂਡ ਸਬਸਟਾਂਸਿਜ਼ ਐਕਟ ਤਹਿਤ ਸੰਗਠਿਤ ਕ੍ਰਾਈਮ ਤੇ ਅਫੈਂਸ ਨਾਲ ਸਬੰਧਤ ਚਾਰਜਿਜ਼ ਸ਼ਾਮਲ ਹਨ।

ਓਪੀਪੀ ਤੇ ਲੰਡਨ ਪੁਲਿਸ ਨੇ ਜੂਨ 2020 ਵਿੱਚ ਪ੍ਰੋਜੈਕਟ ਗੇਨਜ਼ਬਰੋ ਉਸ ਸਮੇਂ ਪਰਦਾਫਾਸ ਹੋਇਆ ਜਿਹੜੀ ਲੰਡਨ, ਕਿਚਨਰ, ਹੈਮਿਲਟਨ ਤੇ ਟੋਰਾਂਟੋ ਵਿੱਚ ਗੈਰਕਾਨੂੰਨੀ ਮੈਰੀਯੁਆਨਾ ਵੈੱਬਸਾਈਟ ਚਲਾ ਰਹੀ ਸੀ ਤੇ ਡਲਿਵਰੀਜ਼ ਕਰ ਰਹੀ ਸੀ।
3 ਨਵੰਬਰ ਨੂੰ ਪੁਲਿਸ ਨੇ ਲੰਡਨ ਵਿੱਚ 8 ਸਰਚ ਵਾਰੰਟ ਤੇ 7 ਹੋਰ ਸਰਚ ਵਾਰੰਟ ਹੈਮਿਲਟਨ, ਟੋਰਾਂਟੋ, ਸੇਂਟ ਥਾਮਸ, ਮਿਡਲਸੈਕਸ ਕਾਊਂਟੀ ਤੇ ਨੌਰਫੋਕ ਕਾਊਂਟੀ ਲਈ ਕੱਢੇ। ਇਨ੍ਹਾਂ ਵਾਰੰਟਸ ਉੱਤੇ 200 ਤੋਂ ਵੱਧ ਅਧਿਕਾਰੀਆਂ ਵੱਲੋਂ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਇਸ ਦੌਰਾਨ ਪੁਲਿਸ ਨੂੰ 495 ਕਿੱਲੋਗੈਰਕਾਨੂੰਨੀ ਮੈਰੀਯੁਆਨਾ ਤੇਲ, 7166 ਕਿੱਲੋ ਗੈਰਕਾਨੂੰਨੀ ਮੈਰੀਯੁਆਨਾ ਬੱਡਜ਼, 10,000 ਪੈਕੇਟ ਗੈਰਕਾਨੂੰਨੀ ਮੈਰੀਯੁਆਨਾ ਐਡੀਬਲਜ਼, 2773 ਕਿੱਲੋਗੈਰਕਾਨੂੰਨੀ ਮੈਰੀਯੁਆਨਾ ਸ਼ੇਕ, 185 ਕਿੱਲੋ ਗੈਰਕਾਨੂੰਨੀ ਮੈਰੀਯੁਆਨਾ ਸੈਟਰ, 15343 ਗੈਰਕਾਨੂੰਨੀ ਮੈਰੀਯੁਆਨਾ ਪਲਾਂਟਸ, 65 ਕਿੱਲੋ ਸਿਲੋਸੀਬਿਨ, 124 ਗ੍ਰਾਮ ਕੋਕੀਨ, 28 ਆਕਸੀਕੋਡਨ ਪਿੱਲਜ਼, 50 ਹਾਈਡ੍ਰੋਮੌਰਫੋਨ ਪਿੱਲਜ਼, 653,000 ਤੋਂ ਵੱਧ ਕੀਮਤ ਦੇ ਮੈਰੀਯੁਆਨਾ ਉਗਾਉਣ ਲਈ ਵਰਤਿਆ ਜਾਣ ਵਾਲਾ ਸਾਜ਼ੋ ਸਮਾਨ, ਚਾਰ ਹੈਂਡਗੰਨਜ਼, .22 ਕੈਲੀਬਰ ਦੀ ਰਾਈਫਲ, 12 ਸ਼ੌਟਗੰਨ ਸਮੇਤ ਛੇ ਹਥਿਆਰ ਤੇ ਹੋਰ ਗੋਲੀ ਸਿੱਕਾ, 53000 ਕੈਨੇਡੀਅਨ ਡਾਲਰ, ਛੇ ਗੱਡੀਆਂ-ਜਿਨ੍ਹਾਂ ਦੀ ਸਾਂਝੀ ਕੀਮਤ 163,000 ਡਾਲਰ ਹੈ, ਬਰਾਮਦ ਹੋਇਆ ਹੈ। ਪੁਲਿਸ ਨੇ ਆਖਿਆ ਕਿ ਇਹ ਆਰਗੇਨਾਈਜ਼ੇਸ਼ਨ ਕੈਨੇਡਾ ਦੇ ਹੋਰਨਾਂ ਹਿੱਸਿਆਂ ਤੇ ਦੁਨੀਆ ਭਰ ਵਿੱਚ ਗੈਰਕਾਨੂੰਨੀ ਤੌਰ ਉੱਤੇ ਮੈਰੀਯੁਆਨਾ ਸਬੰਧੀ ਉਤਪਾਦ ਡਲਿਵਰ ਕਰ ਰਹੀ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ੴ ਸਤਿਗੁਰ ਪ੍ਰਸਾਦਿ॥
ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥
ਕਲਿ ਤਾਰਣਿ ਗੁਰੁ ਨਾਨਕ ਆਇਆ॥

''ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ ਬੈਪਟਨ'' ਕੈਨੇਡਾ ਵੱਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਉਤਸਵ ਦੀ ਸਮੂਹ ਜਗਤ ਨੂੰ ਲੱਖ-ਲੱਖ ਵਧਾਈ ਹੋਵੇ ਜੀ
ਪਿਆਰੀ ਸਾਧ ਸੰਗਤ ਦੀ ਵਾਹਿਗੁਰੂ ਜੀ ਕਾ ਖਾਲਸਾ॥ ਵਹਿਗੁਰੂ ਜੀ ਕੀ ਫਤਹਿ॥
ਗੁਰੂ ਨਾਨਕ ਸਾਹਿਬ ਦੀ ਤੋ ਪਹਿਲਾਂ, ਕਰਮਕਾਂਡ ਤੇ ਭਰਮ ਜਾਲ ਵਿੱਚ ਫਸੇ ਹੋਏ ਲੋਕ ਜਦੋਂ ਸੇਵਾ ਵਾਲਾ ਪੱਖ ਪੂਰਦੇ ਸਨ ਤਾਂ ਫਲ ਦੀ ਇੱਛਾ ਆਪਣਸ਼ਨ ਰੱਖ ਕੇ ਸੇਵਾ ਕਰਦੇ ਸਨ। ਪਰ ਗੁਰੂ ਨਾਨਕ ਸਾਹਿਬ ਨੇ ਦੀਨ ਦੁਨੀਆ ਨੂੰ ਨਵੀਂ ਸੇਧ ਦਿਤੀ ਆਸ਼ਾ-ਮਨਸ਼ਾ ਤੋਂ ਉੱਪਰ ਚੁਕਦਿਆਂ-ਨਿਸ਼ਕਾਮ-ਸੇਵਾ-ਆਪ ਕੀਤੀ ਤੇ ਸਾਨੂੰ ਪ੍ਰੇਰਨਾ ਦਿੱਤੀ। ਨਿਸ਼ਕਾਮ ਸੇਵਾ ਸਿਮਰਨ ਕਰਦਿਆਂ ਵੀ-ਪਰਮੇਸ਼ਰ ਦੇ ਸ਼ੁਕਰਾਨੇ ਦੀ ਸਭ ਤੋਂ ਵੱਡੀ ਦਾਤ ਸਾਨੂੰ ਬਖਸ਼ਸ਼ ਕੀਤੀ।
ਵਿਚਿ ਦੁਨੀਆਂ ਸੇਵ ਕਮਾਈਐ॥ ਤਾ
ਦਰਗਹ ਬੈਸਣ ਪਾਈਐ॥
ਕਹੁ ਨਾਨਕ ਬਾਂਹ ਲੁਡਾਈਐ॥
ਵਲੋਂ:
ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ
12414 ਬਰੈਮਲੀ ਰੋਡ ਕੈਲੇਡਨ
ON L7C 2P2, Canada
ਹੋਰ ਜਾਣਕਾਰੀ ਲਈ ਸੰਪਰਕ ਕਰੋ:
647-760-9300

## ਚਾਈਲਡ ਕੇਅਰ ਪ੍ਰੋਗਰਾਮ ਦੇ ਸਬੰਧ ਵਿੱਚ ਓਨਟਾਰੀਓ ਤੇ ਓਟਵਾ ਦਰਮਿਆਨ ਲੜਾਈ ਹੋਈ ਤੇਜ਼

ਟੋਰਾਂਟੋ, 18 ਨਵੰਬਰ (ਪੋਸਟ ਬਿਊਰੋ) : 10 ਡਾਲਰ ਰੋਜ਼ਾਨਾ ਚਾਈਲਡ ਕੇਅਰ ਪ੍ਰੋਗਰਾਮ ਦੇ ਸਬੰਧ ਵਿੱਚ ਓਨਟਾਰੀਓ ਤੇ ਓਟਵਾ ਦਰਮਿਆਨ ਲੜਾਈ ਹੋਰ ਤੇਜ਼ ਹੋ ਗਈ ਹੈ। ਅਲਬਰਟਾ ਵੱਲੋਂ ਫੈਡਰਲ ਸਰਕਾਰ ਨਾਲ ਇਹ ਡੀਲ ਸਿਰੇ ਚੜ੍ਹਾ ਲਏ ਜਾਣ ਤੋਂ ਬਾਅਦ ਵੀ ਹੁਣ ਪ੍ਰੋਵਿੰਸ ਉੱਤੇ ਜਲਦ ਤੋਂ ਜਲਦ ਡੀਲ ਸਾਈਨ ਕਰਨ ਲਈ ਦਬਾਅ ਵੱਧ ਗਿਆ ਹੈ। ਸੋਮਵਾਰ ਨੂੰ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਫੈਡਰਲ ਸਰਕਾਰ ਦਾ ਮੌਜੂਦਾ ਪ੍ਰਸਤਾਵ ਪੰਜ ਸਾਲਾਂ ਲਈ 10.2 ਬਿਲੀਅਨ ਡਾਲਰ ਹੈ। ਇਸ ਤੋਂ ਇਲਾਵਾ ਫੈਡਰਲ ਸਰਕਾਰ ਵੱਲੋਂ ਪ੍ਰੋਵਿੰਸ ਦੇ ਫੁੱਲ ਡੇਅ ਕਿੰਡਰਗਾਰਟਨ ਪ੍ਰੋਗਰਾਮ ਲਈ ਵੀ ਕੋਈ ਯੋਗਦਾਨ ਨਹੀਂ ਪਾਇਆ ਜਾਵੇਗਾ। ਮੰਤਰੀ ਨੇ ਆਖਿਆ ਕਿ ਟਰੂਡੋ ਤੇ ਫੋਰਡ ਸਰਕਾਰਾਂ ਵੱਲੋਂ ਅਜੇ ਵੀ ਡੀਲ ਸਿਰੇ ਚੜ੍ਹਾਈ ਜਾ ਸਕਦੀ ਹੈ ਬੱਸ ਫੈਡਰਲ ਸਰਕਾਰ 3•6 ਬਿਲੀਅਨ ਡਾਲਰ ਘੱਟ ਦੀ ਪੇਸ਼ਕਸ਼ ਕਰ ਰਹੀ ਹੈ ਤੇ ਪ੍ਰੋਵਿੰਸ ਵੱਲੋਂ ਇਹ ਰੋਣਾ ਰੋਇਆ ਜਾ ਰਿਹਾ ਹੈ ਕਿ 30 ਬਿਲੀਅਨ ਡਾਲਰ ਦੇ ਇਸ ਪ੍ਰੋਗਰਾਮ ਵਿੱਚੋਂ ਉਨ੍ਹਾਂ ਨੂੰ ਬਣਦਾ ਹਿੱਸਾ ਨਹੀਂ ਮਿਲ ਰਿਹਾ।




MacroGlobal
Immigration Services Ltd.
iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA

Seema Bhayana
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



## ਪੰਜਾਬ ਦੇ ਮੁੱਖ ਮੰਤਰੀ ਚੰਨੀ ਵੱਲੋਂ ਸਾਥੀਆਂ ਸਣੇ ਕਰਤਾਰਪੁਰ ਸਾਹਿਬ ਦੇ ਦਰਸ਼ਨ

ਡੇਰਾ ਬਾਬਾ ਨਾਨਕ, 18 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਭਾਰਤ ਤੇ ਪਾਕਿਸਤਾਨ ਦੀਆਂ ਦੋਵਾਂ ਸਰਕਾਰਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸੰਗਤਾਂ ਦੇ ਜਾਣ ਦੀ ਜ਼ਰੂਰੀ ਪ੍ਰਵਾਨਗੀ ਲੈਣ ਦੀ ਪ੍ਰਕਿਰਿਆ ਨੂੰ ਸੌਖੀ ਬਣਾਉਣ ਦੀ ਅਪੀਲ ਕੀਤੀ ਹੈ।

ਆਪਣੇ ਸਾਥੀਆਂ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਤੋਂ ਮੁੜਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮਹਾਂਮਾਰੀ ਤੋਂ ਬਾਅਦ ਲਾਂਘਾ ਖੁੱਲ੍ਹਣਾ ਇਤਿਹਾਸਕ ਹੈ।ਉਨ੍ਹਾਂ ਕਿਹਾ ਕਿ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਇਸ ਅਸਥਾਨ ਵਿਖੇ ਸੰਗਤ ਦੇ ਜਾਣ ਦੀ ਪ੍ਰਵਾਨਗੀ ਪ੍ਰਕਿਰਿਆ ਸੌਖੀ ਕਰਨ ਦੇ ਯਤਨ ਕਰਨੇ ਚਾਹੀਦੇ ਹਨ।ਉਨ੍ਹਾ ਇਹ ਵੀ ਕਿਹਾ ਕਿ ਇਸ ਗੁਰੂ ਘਰ ਨੂੰਜਾਂਦੀ ਸੰਗਤ ਲਈ ਪੰਜਾਬ ਸਰਕਾਰ ਜਲਦੀ ਹੀ ਸਾਰੇ ਪੰਜਾਬ ਤੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਤੱਕ ਮੁਫ਼ਤ ਬੱਸਾਂ ਚਲਾਵੇਗੀ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਸਰਕਾਰਾਂ ਨੂੰ ਪੰਜਾਬ ਦੀਆਂ ਸਰਹੱਦਾਂ ਤੋਂ ਵਪਾਰ ਸ਼ੁਰੂ ਕਰਨ ਬਾਰੇ ਸੋਚਣਾ ਚਾਹੀਦੀ ਹੈ, ਜਿਸ ਨਾਲ ਪੰਜਾਬਵਿੱਚ ਤਰੱਕੀ ਅਤੇ ਖੁਸ਼ਹਾਲੀ ਦਾ ਨਵਾਂ ਯੁੱਗ ਸ਼ੁਰੂ ਕਰਨ ਵਿੱਚਮਦਦ ਮਿਲੇਗੀ।

ਅੱਜ ਕਰਤਾਰਪੁਰ ਸਾਹਿਬ ਤੋਂ ਮੁੜਨ ਪਿੱਛੋਂਮੁੱਖ ਮੰਤਰੀ ਚਰਨਜੀਤ ਸਿੰਘ ਨੇ ਪਾਕਿਸਤਾਨ ਦੇ ਲੋਕਾਂ ਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਵੀ ਇਹ ਲਾਂਘਾ ਖੋਲ੍ਹਣ ਲਈ ਉਚੇਚਾ ਧੰਨਵਾਦ ਕੀਤਾ।ਇਸ ਮੌਕੇ ਮੁੱਖ ਮੰਤਰੀ ਨਾਲ ਉਨ੍ਹਾਂ ਦੇ ਪਰਵਾਰ ਤੋਂ ਬਿਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਵਿਜੇਇੰਦਰ ਸਿੰਗਲਾ, ਰਾਣਾ ਗੁਰਜੀਤ ਸਿੰਘ ਅਤੇ ਕਾਂਗਰਸ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਤੇ ਹਰਪ੍ਰਤਾਪ ਸਿੰਘ ਅਜਨਾਲਾ ਵੀਸਨ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਉਨ੍ਹਾਂ ਨਾਲ ਨਹੀਂ ਜਾ ਸਕੇ। ਪਹਿਲਾਂ ਖਬਰ ਸੀ ਕਿ ਉਨ੍ਹਾਂ ਦੇ ਨਾਂਅ ਦੀ ਕੇਂਦਰ ਦੀ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ, ਬਾਅਦ ਦੀ ਖਬਰ ਹੈ ਕਿ ਪੰਜਾਬ ਸਰਕਾਰ ਵੱਲੋਂ ਭੇਜੀ ਪਹਿਲੀ ਲਿਸਟ ਵਿੱਚ ਨਵਜੋਤ ਸਿੰਘ ਸਿੱਧੂ ਦਾ ਨਾਂਅ ਪਾਉਣਾ ਰਹਿ ਗਿਆ ਸੀ।

ਇਹ ਲਾਂਘਾ ਖੁੱਲ੍ਹਣ ਦੇ ਦੂਸਰੇ ਦਿਨ ਅੱਜ ਭਾਜਪਾ ਦੇ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਹੋਰ ਭਾਜਪਾ ਆਗੂਆਂ ਤੋਂ ਬਿਨਾ 88 ਸ਼ਰਧਾਲੂਆਂ ਨੇ ਗੁਰਦੁਆਰਾ ਕਰਤਾਰ-ਪੁਰ ਸਾਹਿਬ ਦੇ ਦਰਸ਼ਨ ਕੀਤੇ, ਪਰ 6 ਸ਼ਰਧਾਲੂਓਧਰ ਜਾਣਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਕਰ ਕੇ ਓਧਰ ਨਹੀਂ ਜਾ ਸਕੇ।


## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

## ਜ਼ਰੂਰ ਜਾਣੋ; ਗਿਆਨ ਗੰਗਾ

**॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥**




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**

## BEST CANADIAN TRUCK & FORKLIFT TRAINING CENTRE

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005





- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8



# ਸਤਿਗੁਰ ਨਾਨਕ ਪ੍ਰਗਟਿਆ ਜੀ



ਸਾਡੇ ਵਿਚੋਂ ਬਹੁਤੇ ਜਾਣੇ ਜਦੋਂ ਵੀ ਗੁਰੂ ਨਾਨਕ ਦੇਵ ਜੀ ਬਾਰੇ ਲਿਖਦੇ ਹਨ ਤਾਂ ਆਮ ਤੌਰ ਤੇ ਇਦਾਂ ਹਿ ਸ਼ੁਰੂ ਕਰਦੇ ਹਨ ਕਿ ਗੁਰੂ ਨਾਨਕ ਦੇਵ ਜਿ ਸਿੱਖਾਂ ਦੇ ਪਹਿਲੇ ਗੁਰੂ ਸਨ।ਹਾਂਜੀ ਹੈ ਤਾਂ ਉਹ ਸਿੱਖਾਂ ਦੇ ਹੀ ਪਹਿਲੇ ਗੁਰੂ ਸਨ ਪਰੰਤੂ ਸਿੱਖ ਦਾ ਸਬੰਧ ਕਿਸੇ ਖਾਸ ਜਮਾਤ ਜਾਂ ਸ਼੍ਰੇਣੀ ਨਾਲ ਨਹੀਂ ਹੈ ਸਗੋਂ ਇਹ ਸ਼ਬਦ ਤਾਂ ਬਹੁਤ ਵਿਸ਼ਾਲ ਹੈ।ਜੋ ਵੀ ਸਿੱਖਣਾ ਚਾਹੁੰਦਾ ਹੈ ਉਹ ਸਿੱਖ ਹੀ ਹੈ ਤੇ ਸਿੱਖ ਧਰਮ ਦਾ ਅਰਥ ਹੋਇਆ ਧਰਮ ਬਾਰੇ ਸਿੱਖਣਾ।ਗੁਰੂ ਨਾਨਕ ਦੇਵ ਜੀ ਨੇ ,ਧਰਮ ਕੀ ਹੁੰਦਾ ਹੈ ਅਤੇ ਧਰਮ ਬਾਰੇ ਸਾਡੇ ਕੀ ਫ਼ਰਜ਼ ਹਨ ਬਾਰੇਚੰਗੀ ਤਰਾਂ ਸਮਝਾਇਆ ।ਉਹਨਾਂ ਨੇ ਕਿਹਾ ਕਿ ਜੋ ਵੀ ਧਰਮ ਸਿੱਖ ਜਾਂਦਾ ਹੈ ਉਹੀ ਸਿੱਖ ਧਰਮ ਨਾਲ ਜੁੜ ਜਾਂਦਾ ਹੈ।ਪਹਿਰਾਵੇ ਨੂੰ ਜੋ ਸਿੱਖ ਹੋਣਾ ਮੰਨਦੇ ਹਨ ਉਹ ਜਾਣਦੇ ਹਨ ਕਿ ਪਹਿਰਾਵਾ ਤਾਂ ਸ਼ਰੀਰ ਵਾਸਤੇ ਹੁੰਦਾ ਹੈ ਅਤੇ ਸ਼ਰੀਰ ਨਾਸ਼ਵਾਨ ਹੈ।ਆਪਣੀ ਮੁਹਲਤ ਪੂਰਿ ਹੋ ਜਾਣ ਉਪਰੰਤ ਸ਼ਰੀਰ ਨੇ ਤਾਂ ਖ਼ਤਮ ਹੋ ਹੀ ਜਾਣਾ ਹੈ।ਸੋ ਜਿਸ ਦੀ ਸੁਰਤ(ਸੂਰਤ ਨਹੀਂ) ਸਿੱਖ ਲੈਂਦੀ ਹੈ ਉਹੀ ਸਿੱਖ ਹੋ ਨਿਬੜਿਆ।

ਗੁਰੂ ਨਾਨਕ ਦੇਵ ਜੀ ਅਦੁੱਤੀ ਅਤੇ ਲਾਸਾਨੀ ਹਨ।ਮੈਂ ਸੋਚਿਆ ਕਿ ਮੈਂ 'ਹਨ' ਦੀ ਵਰਤੋਂ ਸ਼ਾਇਦ ਗਲਤੀ ਨਾਲ ਕਰ ਦਿੱਤੀ ਹੈ ਪਰ ਨਹੀਂ ਕਿਉਂਕਿ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਅਤੇ ਵਿਚਾਰ ਅੱਜ ਵੀ ਸਾਡੇ ਕੋਲ ਹਨ।ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਦੇ ਪ੍ਰਚਲਤ ਧਾਰਮਿਕ ਪ੍ਰੰਪਰਾਵਾਂ ਵਿਚੋਂ ਸਿਰਫ ਸਾਰਥਕ ਨੁਕਤਿਆਂ ਨੂੰ ਅਹਿਮੀਅਤ ਦਿੱਤੀ।

ਉਹਨਾਂ ਨੇ ਜ਼ਾਤਪਾਤ ਦੀ ਪ੍ਰੰਪਰਾ ਦੀ ਥਾਂ ਇਨਸਾਨੀਅਤ ਨੂੰ ਮਹਤੱਤਾ ਦਿੱਤੀ।ਕਰਮਾਂ ਅਤੇ ਅਮਲਾਂ ਦੇ ਚੰਗੇ ਹੋਣ ਦਾ ਮਨੁੱਖ ਦੀ ਜ਼ਿੰਦਗੀ ਵਿੱਚ ਬਹੁਤ ਸਥਾਨ ਹੈ,ਜਿਸ ਦੇ ਕਰਮ ਚੰਗੇ ਹਨ ਉਸ ਦੀ ਹੀ ਜ਼ਾਤ ਉੱਚੀ ਹੈ। ਉਹਨਾਂ ਨੇ ਹੀ ਇਕ ਓਂਕਾਰ ਦਾ ਵਿਚਾਰ ਸਾਮ੍ਹਣੇ ਲਿਆਂਦਾ।ਉਹਨਾਂ ਨੇ ਲੋਕਾਂ ਨੂੰ ਸਮਝਾਇਆ ਕਿ ਪ੍ਰਮਾਤਮਾ ਇੱਕ ਹੀ ਹੈ ਕਿਉਂਕਿ ਉਸ ਸਮੇਂ ਦੇਵੀ ਦੇਵਤਿਆਂ ਨੂੰ ਤਰਜੀਹ ਦਿੱਤੀ ਜਾਦੀ ਸੀ।ਉਹਨਾਂ ਨੇ ਕਿਹਾ ਕਿ ਪ੍ਰਮਾਤਮਾ ਹੀ ਸਰਬ ਉੱਚ ਹੈ ਅਤੇ ਇਕ ਸ਼ਕਤੀ ਹੈ ਜੋ ਸੰਸਾਰ ਨੂੰ ਚਲਾ ਰਹੀ ਹੈ। ਉਹਨਾਂ ਨੇ ਪ੍ਰਮਾਤਮਾ ਨੂੰ ਹੀ ਸੱਚ ਮੰਨਿਆ ਅਤੇ ਸੱਚ ਕਿਹਾ।ਉਹਨਾਂ ਨੇ ਪ੍ਰਮਾਤਮਾ ਨੂੰ ਕਰਤਾ ਕਿਹਾ ਕਿ ਜੋ ਵੀ ਦੁਨੀਆਂ ਵਿੱਚ ਵਿਚਰ ਰਿਹਾ ਹੈ ਉਹ ਸਭ ਇਹ ਹੀ ਕਰ ਰਿਹਾ ਹੈ।ਉਹਨਾਂ ਦੱਸਿਆ ਕਿ ਪ੍ਰਮਾਤਮਾ ਸੀ,ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਰਹੇਗਾ।

ਉਹਨਾਂ ਨੇ ਹੀ ਦੱਸਿਆ ਕਿ ਸ੍ਰਿਸ਼ਟੀ ਦੀ ਰਚਨਾ ਉਪਰੰਤ ਪ੍ਰਮਾਤਮਾ ਨੇ ਸ੍ਰਿਸ਼ਟੀ ਨੂੰ ਰਮਨੀਕ ਬਨਾਉਣ ਵਾਸਤੇ ਆਪਣੇ ਹੀ ਅੰਸ਼ ਤੋਂ ਕੁਝ ਵੱਖੋ ਵੱਖਰੇ ਜੀਵਾਂ ਦੀ ਉਤਪੱਤੀ ਕੀਤੀ।ਇਸ ਅੰਸ਼ ਨੂੰ ਜੀਵ ਆਤਮਾ ਕਿਹਾ ਜਾਂਦਾ ਹੈ।ਜੇ ਜੀਵ ਨਾ ਭੇਜੇ ਹੁੰਦੇ ਤਾਂ ਨਿਰਜੀਵ ਚੀਜ਼ਾਂ ਕਿਸਤਰਾਂ ਸ੍ਰਿਸ਼ਟੀ ਦੀ ਸਜ਼ਾਵਟ ਕਰ ਸਕਦੀਆਂ ਸਨ।ਇਹਨਾਂ ਜੀਵਾਂ ਵਿੱਚ ਹੀ ਬਨਸਪਤੀ,ਇੱਕ ਸੈੱਲੇ, ਕੀੜੇ ਮਕੌੜੇ,ਪੰਛੀ,ਪਸ਼ੂ ਤੇ ਮਨੁੱਖ ਸ਼ਾਮਿਲ ਹਨ।ਮਨੁੱਖ ਨੂੰ ਪ੍ਰਮਾਤਮਾ ਨੇ ਸੋਚਣ, ਸਮਝਣ ਅਤੇ ਮਹਿਸੂਸ ਕਰਨ ਦਾ ਵਰਦਾਨ ਦੇ ਕੇ ਸਬ ਤੋਂ ਉੱਚਤਮ ਦਰਜ਼ਾ ਬਖ਼ਸ਼ਿਆ।ਦੂਜਿਆਂ ਦੇ ਦੁੱਖ ਦਰਦ ਮਹਿਸੂਸ ਕਰਨ ਦੀ ਭਾਵਨਾ ਉਸ ਦੇ ਅੰਦਰ ਪਾਈ।ਅਤੇ ਨਾਲ ਹੀ ਚਿਤਾਵਨੀ ਦਿੱਤੀ ਕਿ ਮਨੁੱਖ ਨੇ ਪ੍ਰਮਾਤਮਾ ਨੂੰ ਵਿਸਾਰਣਾ ਨਹੀਂ ਹੈ।ਇਹ ਵੀ ਕਿਹਾ ਪ੍ਰਮਾਤਮਾ ਮਨੁੱਖ ਦੇ ਜ਼ਿੰਮੇ ਕੁਝ ਸਮੇਂ ਵਾਸਤੇ ਕੁਝ ਕੰਮ ਸੌਂਪ ਰਿਹਾ ਹੈ ਜੋ ਮਨੁੱਖ ਨੇ ਨਿਸ਼ਚਿਤ ਸਮੇਂ ਵਿੱਚ ਹੀ ਪੂਰੇ ਕਰਨੇ ਹਨ।ਇਸ ਨਿਸ਼ਚਿਤ ਸਮੇਂ ਨੂੰ ਮਨੁੱਖ ਦੀ ਉਮਰ ਕਿਹਾ ਜਾਂਦਾ ਹੈ।ਮਨੁੱਖ ਨੂੰ ਸਮਝਾਇਆ ਗਿਆ ਕਿ ਆਪਣੇ ਆਪਣੇ ਕਾਰਜ ਪੂਰੇ ਕਰਨ ਉਪਰੰਤ ਪ੍ਰਮਾਤਮਾ ਨੂੰ ਮਿਲਣ।ਇਹ ਕਾਰਜ ਪੂਰੇ ਕਰਨ ਦੀ ਵਿਵਸਥਾ ਨੂੰ ਜ਼ਿੰਦਗੀ ਦਾ ਡਰਾਮਾ ਕਿਹਾ ਗਿਆ।ਪਰੰਤੂ ਮਨੁੱਖ ਇਸ ਡਰਾਮੇ ਵਿੱਚ ਐਸਾ ਉਲਝਿਆ ਕਿ ਉਹ ਵਾਪਿਸ ਜਾਣ ਵਾਲਾ ਵਾਦਾ ਤਾਂ ਭੁੱਲ ਹੀ ਗਿਆ।ਪੁੱਠੇ ਸਿੱਧੇ ਚੱਕਰਾਂ ਵਿੱਚ ਫਸ ਗਿਆ।

ਜਦੋਂ ਇਸ ਤਰਾਂ ਦਾ ਰੌਲਾ ਰੱਪਾ ਪੈ ਜਾਂਦਾ ਹੈ ਤਾਂ ਫਿਰ ਪ੍ਰਮਾਤਮਾ ਕਿਸੇ ਹੋਰ ਆਤਮਾ ਨੂੰ ਜ਼ਿੰਮੇਵਾਰੀ ਸੌਂਪ ਕੇ ਦੁਨੀਆ ਦਾ ਸੁਧਾਰ ਕਰਨ ਵਾਸਤੇ ਆਪਣਾ ਦੂਤ ਬਣਾ ਕੇ ਧਰਤੀ ਉਪਰ ਭੇਜ ਦਿੰਦਾ ਹੈ।ਸੋ ਗੁਰੂ ਨਾਨਕ ਦੇਵ ਜੀ ਨੇ ਰੱਬ ਦਾ ਦੂਤ ਬਣ ਕੇ ਇਸ ਦੁਨੀਆ ਵਿੱਚ ਅਵਤਾਰ ਧਾਰ ਕੇ ਪ੍ਰਗਟ ਹੋਏ।ਅਤੇ ਉਹਨਾਂ ਨੇ ਆਪਣੀ ਜ਼ਿੰਮੇਵਾਰੀ ਬਖ਼ੂਬੀ ਨਿਭਾਈ। ਮਨੁੱਖ ਨੂੰ ਸਮਝਾਇਆ ਕਿ ਧਰਮ ਜਿਹੜਾ ਮਰਜ਼ੀ ਹੋਵੇ ਅਪਨਾਓ ਪਰ ਨਿਭਾਉ ਪੂਰੀ ਤਨਦੇਹੀ ਨਾਲ।ਉਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਮਨੁੱਖਤਾ ਵਾਸਤੇ ਬਤੀਤ ਕੀਤੀ।ਪਤਾ ਨਹੀਂ ਕਿੰਨੇ ਕਿਲੋਮੀਟਰ ਪੈਦਲ ਚੱਲੇ ਹੋਣਗੇ।ਆਪਣੀ ਸੁੱਖ ਸੁਵਿਧਾ ਬਾਰੇ ਨਹੀਂ ਵਿਚਾਰਿਆ ਨਾ ਹੀ ਆਪਣੇ ਘਰ ਪਰਿਵਾਰ ਨੂੰ ਪਹਿਲ ਦਿੱਤੀ।ਉਹਨਾਂ ਦੱਸਿਆ ਕਿ ਪ੍ਰਮਾਤਮਾ ਹੀ ਕਰਤਾ ਪੁਰਖ ਹੈ, ਪ੍ਰਮਾਤਮਾ ਕੋਈ ਵਿਅਕਤੀ ਵਿਸ਼ੇਸ਼ ਨਹੀਂ ਬਲਕਿ ਇੱਕ ਮਹਾਨ ਸ਼ਕਤੀ ਹੈ।ਜੋ ਵੀ ਪ੍ਰਮਾਤਮਾ ਵਿੱਚ ਯਕੀਨ ਰੱਖਦਾ ਹੈ, ਪ੍ਰਮਾਤਮਾ ਨੂੰ ਮੰਨਦਾ ਹੈ;ਪ੍ਰਮਾਤਮਾ ਉਤਨਾ ਹੀ ਉਸ ਵਿਅਕਤੀ ਦੇ ਨਜ਼ਦੀਕ ਹੁੰਦਾ ਹੈ ਤੇ ਹਮੇਸ਼ਾਂ ਰਹਿੰਦਾ ਵੀ ਹੈ।ਉਹਨਾਂ ਨੇ ਦੱਸਿਆ ਕਿ ਇਹ ਸ਼ਕਤੀ ਸਰਵ-ਵਿਆਪੀ ਹੈ।ਸਵਰਗ ਉਹ ਨਹੀਂ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਲੋਕ ਮਰਨ ਤੋਂ ਬਾਦ ਜਾਦੇ ਹਨ ਪਰੰਤੂ ਜੇ ਆਪਾਂ ਜ਼ਿੰਦਗੀ ਦੌਰਾਨ ਹੀ ਨਿਰਮਲ ਸੋਚ ਰੱਖੀਏ ਅਤੇ ਸ਼ੁਭ ਕਰਮ ਕਰਦੇ ਰਹੀਏ ਤਾਂ ਸਵਰਗ ਇੱਥੇ ਹੀ ਹੋ ਨਿਬੜਦਾ ਹੈ।

ਗੁਰੂ ਨਾਨਕ ਦੇਵ ਜੀ ਵੀ ਆਪਣੇ ਆਪ ਨੂੰ ਰੱਬ ਦਾ ਦੂਤ ਹੀ ਮੰਨਦੇ ਸਨ ਤੇ ਸ਼ਬਦ ਉਚਰਣ ਵੇਲੇ ਕਿਹਾ ਕਰਦੇ ਸੀ 'ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀਂ ਗਿਆਨ ਵੇ ਲਾਲੋ'ਗੁਰੂ ਨਅਨਕ ਦੇਵ ਜੀ ਸਰੀਰਕ ਰੂਪ ਵਿੱਚ ਭਾਂਵੇ 552 ਸਾਲ ਪਹਿਲਾਂ ਵਿਚਰੇ ਹੋਣ ਪਰ ਉਹਨਾਂ ਦੀਆਂ ਸਿਖਿਆਂਵਾ ਤਾਂ ਆਦਿ ਜੁਗਾਦਿ ਸੱਚ ਸਨ ਤੇ ਸੱਚ ਹੀ ਰਹਿਣਗੀਆਂ।

ਸੋ ਉਹਨਾਂ ਦੇ ਆਗਮਨ ਪੂਰਵ ਮੌਕੇ ਤੇ ਸੱਚੀ ਸ਼ਰਧਾਜ਼ਲੀ ਤਾਂ ਇਹੀ ਹੈ ਕਿ ਆਪਾਂ ਸਾਰੇ ਉਹਨਾਂ ਦੇ ਦਿਖਾਏ ਮਾਰਗ ਉਪਰ ਚਲਦੇ ਰਹੀਏ!!

*-ਅਮਰਜੀਤ ਕੌਰ,*
*ਸੇਵਾ ਮੁਕਤ ਸਟੇਟ ਐਵਾਰਡੀ,*
*ਮੁੱਖ ਅਧਿਆਪਿਕਾ।*

## ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*ਸਤਿਗੁਰ ਨਾਨਕ ਪ੍ਰਗਟਿਆ ਮਿਟੀ*
*ਧੁੰਧ ਜਗ ਚਾਨਣ ਹੋਆ॥*
*ਜਿਉਂ ਕਰ ਸੂਰਜ ਨਿਕਲਿਆ ਤਾਰੇ*
*ਛਪੇ ਅੰਧੇਰ ਪਲੋਆ॥*



ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਤੇ ਸਿੱਖ ਧਰਮ ਦੇ ਮੋਢੀ ਸਨ ।ਗੁਰੂ ਜੀ ਨੂੰ ਹਿੰਦੂਆਂ ਦੇ 'ਗੁਰੂ' ਤੇ 'ਮੁਸਲਮਾਨਾਂ ਦੇ ਪੀਰ' ਕਿਹਾ ਜਾਂਦਾ ਹੈ।

ਜਿਸ ਸਮੇਂ ਗੁਰੂ ਜੀ ਦਾ ਜਨਮ ਹੋਇਆ, ਉਸ ਸਮੇਂ ਭਾਰਤ ਦੀ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਆਰਥਿਕ ਹਾਲਤ ਬੜੀ ਭਿਆਨਕ ਤੇ ਦਰਦਨਾਕ ਸੀ। ਉਸ ਸਮੇਂ ਦੇ ਰਾਜੇ ਤੇ ਉਨ੍ਹਾਂ ਦੇ ਵਜ਼ੀਰ ਬਘਿਆੜਾਂ ਤੇ ਕੁੱਤਿਆਂ ਦਾ ਰੂਪ ਧਾਰ ਕੇ ਜਨਤਾ ਨੂੰ ਲੁੱਟ ਰਹੇ ਸਨ। ਅੰਧ-ਵਿਸ਼ਵਾਸਾਂ ਤੇ ਕਰਮ-ਕਾਂਡਾਂ ਦਾ ਬੋਲਬਾਲਾ ਸੀ।ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ।ਉਸ ਸਮੇਂ ਲੋਕਾਂ ਵਿੱਚ ਜਾਤ -ਪਾਤ ,ਉਚ-ਨੀਚ ਤੇ ਛੂਤ-ਛਾਤ ਨੇ ਵੀ ਬਹੁਤ ਜ਼ੋਰ ਫੜਿਆਂ ਹੋਇਆਂ ਸੀ।

ਗੁਰੂ ਜੀ ਦਾ ਜਨਮ 15 ਅਪ੍ਰੈਲ 1469 ਈ.ਵਿੱਚ ਹੋਇਆ। ਗੁਰੂ ਜੀ ਦਾ ਜਨਮ ਬੇਦੀ ਕੁਲ ਵਿਚ ਬਾਬੇ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋਂ ਰਾਇ ਭੋਇ ਦੀ ਤਲਵੰਡੀ, ਜ਼ਿਲ੍ਹਾ ਸ਼ੇਖੂਪੁਰਾ (ਪੱਛਮੀ ਪਾਕਿਸਤਾਨ) ਵਿਚ ਹੋਇਆ । ਇਹ ਸਥਾਨ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ ।

ਗੁਰੂ ਨਾਨਕ ਸਾਹਿਬ ਦੇ ਜਨਮ ਅਤੇ ਜੋਤੀ-ਜੋਤ ਸਮਾਉਣ ਬਾਰੇ ਤਾਰੀਖ਼ਾਂ ਬਾਰੇ ਕਾਫ਼ੀ ਮਤਭੇਦ ਹੈ।ਗੁਰੂ ਜੀ ਦਾ ਜਨਮ ਦਿਨ ਦੁਨੀਆ ਵਿੱਚ ਗੁਰਪੁਰਬ ਵਜੋਂ ਮਨਾਇਆ ਜਾਂਦਾ ਹੈ, ਜੋ ਨਾਨਕਸ਼ਾਹੀ ਕਲੈਂਡਰ 2003 ਮਤਾਬਕ 1 ਵੈਸਾਖ ਅਤੇ ਬਿਕ੍ਰਮੀ ਨਾਨਕਸ਼ਾਹੀ ਕਲੈਂਡਰ ਮੁਤਾਬਿਕ ਕੱਤਕ ਦੀ ਪੂਰਨਮਾਸੀ ਨੂੰ ਹਰ ਸਾਲ ਅਕਤੂਬਰ-ਨਵੰਬਰ ਮਹੀਨਿਆਂ ਵਿਚਾਲ਼ੇ ਵੱਖਰੀ ਤਰੀਕ ਨੂੰ ਆਉਂਦਾ ਹੈ। ਇਕ ਮਤ ਦਾ ਆਧਾਰ ਪੁਰਾਤਨ ਜਨਮਸਾਖੀ ਹੈ ਜਿਸ ਅਨੁਸਾਰ 15 ਅਪ੍ਰੈਲ 1469 ਈ. (ਵਿਸਾਖ ਸੁਦੀ 3, ਸੰਮਤ 1526 ਬਿ.) ਨੂੰ ਆਪ ਦਾ ਜਨਮ ਹੋਇਆ । ਦੂਜੇ ਮਤ ਦਾ ਆਧਾਰ ਬਾਲੇ ਵਾਲੀ ਜਨਮਸਾਖੀ ਹੈ ਜਿਸ ਵਿਚ ਗੁਰੂ ਜੀ ਦਾ ਜਨਮ ਕਤਕ ਸੁਦੀ 15, 1526 ਬਿ. ਵਾਲੇ ਦਿਨ ਹੋਇਆ । ਅਧਿਕਾਂਸ਼ ਵਿਦਵਾਨ ਪੁਰਾਤਨ ਜਨਮਸਾਖੀ ਵਾਲੀ ਤਿਥੀ ਨੂੰ ਸਹੀ ਮੰਨਦੇ ਹਨ । ਪਰ ਸਿੱਖ ਸਮਾਜ ਵਿਚ ਗੁਰੂ ਜੀ ਦਾ ਜਨਮ-ਪੁਰਬ ਕਤਕ ਦੀ ਪੂਰਣਮਾਸੀ ਨੂੰ ਹੀ ਮਨਾਇਆ ਜਾਂਦਾ ਹੈ।



ਗਗਨਦੀਪ ਧਾਲੀਵਾਲ ਝਲੂਰ ਬਰਨਾਲਾ

ਸ੍ਰੀ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ 974 ਸ਼ਬਦ ਦਰਜ ਹਨ, ਜਿਹਨਾਂ ਵਿੱਚੋਂ ਜਪੁਜੀ ਸਾਹਿਬ ,ਆਸਾ ਦੀ ਵਾਰ ਅਤੇ ਸਿੱਧ-ਗੋਸਟ ਆਦਿ ਪ੍ਰਮੁੱਖ ਹਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੂੰ ਜਨੇਊ ਪਹਿਨਣ ਲਈ ਕਿਹਾ ਗਿਆ ਤਾਂ ਇਸ ਨੂੰ ਗੁਰੂ ਜੀ ਨੇ ਇਕ ਝੂਠੀ ਰਸਮ ਕਹਿੰਦੇ ਹੋਏ ਜਨੇਊ ਪਾਉਣ ਤੋਂ ਨਾਂਹ ਕਰ ਦਿੱਤੀ।

ਗੁਰੂ ਜੀ ਨੂੰ ਗੋਪਾਲ ਨਾਂ ਦੇ ਪਾਂਧੇ ਕੋਲ ਭਾਖਾ (ਦੇਸੀ ਭਾਸ਼ਾ) ਪੜ੍ਹਨ ਲਈ ਭੇਜਿਆ ਗਿਆ,ਸੰਸਕ੍ਰਿਤ ਪੜ੍ਹਨ ਲਈ ਪੰਡਿਤ ਬ੍ਰਿਜ ਲਾਲ ਕੋਲ ਬਿਠਾਇਆ ਗਿਆ ਅਤੇ ਫ਼ਾਰਸੀ ਪੜ੍ਹਨ ਲਈ ਮੌਲਵੀ ਕੁਤੁਬੁੱਦੀਨ ਪਾਸ ਮਸੀਤ ਵਿਚ ਭੇਜਿਆ ਗਿਆ ।ਗੁਰੂ ਜੀ ਦਾ ਮਨ ਪੜਾਈ ਵਿੱਚ ਨਾ ਲੱਗਾ । ਇੱਕ ਵਾਰ ਗੁਰੂ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਵਪਾਰ ਕਰਨ ਲਈ ਆਪ ਨੂੰ 20 ਰੁਪਏ ਦਿੱਤੇ ਪਰ ਗੁਰੂ ਜੀ ਉਨ੍ਹਾਂ ਪੈਸਿਆਂ ਦਾ ਭੁੱਖੇ ਸਾਧੂਆਂ ਨੂੰ ਭੋਜਨ ਖੁਆ ਆਏ ਤੇ ਆਪਣੇ ਪਿਤਾ ਜੀ ਨੂੰ ਕਿਹਾ ਕਿ ਉਹ ਸੱਚਾ ਸੌਦਾ ਕਰ ਕੇ ਆਏ ਹਨ। ਅਜਿਹਾ ਕਰਨ ਤੇ ਪਿਤਾ ਜੀ ਬਹੁਤ ਨਾਰਾਜ਼ ਹੋਏ ਅਤੇ ਉਨਾਂ ਨੇ ਗੁਰੂ ਜੀ ਨੂੰ ਉਹਨਾਂ ਦੀ ਭੈਣ ਬੇਬੇ ਨਾਨਕੀ ਕੋਲ ਸੁਲਤਾਨਪੁਰ ਭੇਜ ਦਿੱਤਾ।

ਉੱਥੇ ਉਹਨਾਂ ਦੇ ਜਵਾਈ ਭਾਈ ਜੈਰਾਮ ਨੇ ਯਤਨ ਕਰਕੇ ਗੁਰੂ ਜੀ ਨੂੰ ਮੋਦੀਖ਼ਾਨੇ ਦਾ ਕੰਮ ਦਿਵਾਇਆ । ਗੁਰੂ ਜੀ ਦਾ ਵਿਆਹ ਬਟਾਲਾ ਦੇ ਖੱਤਰੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਗੁਰੂ ਜੀ ਦੇ ਘਰ ਦੋ ਪੁੱਤਰ ਬਾਬਾ ਸ੍ਰੀ ਚੰਦ ਅਤੇ ਲੱਖਮੀ ਦਾਸ ਨੇ ਜਨਮ ਲਿਆ ।ਆਪ ਇਕ ਦਿਨ ਵੇਈਂ ਵਿੱਚ ਇਸਨਾਨ ਕਰਨ ਗਏ ਤਿੰਨ ਦਿਨ ਅਲੋਪ ਹੋ ਰਹੇ । ਗੁਰੂ ਜੀ ਨੇ ਚਾਰ ਦਿਸ਼ਾਵਾਂ ਦੀਆਂ ਯਾਤਰਾਵਾਂ ਕੀਤੀਆਂ, ਜਿੰਨਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੌਰਾਨ ਗੁਰੂ ਜੀ ਨੇ ਛੂਤ-ਛਾਤ, ਵਹਿਮਾਂ-ਭਰਮਾਂ,ਕਰਮ-ਕਾਡਾਂ ਦੇ ਵਿਰੁੱਧ ਪ੍ਰਚਾਰ ਕੀਤਾ।ਗੁਰੂ ਜੀ ਸਿੱਖਿਆ ਦਾ ਸਿਧਾਂਤ ਦਿੱਤਾ ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ।

ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਨੂੰ ਗੁਰੂ ਵਾਰਸ ਐਲਾਨਿਆ ਅਤੇ ਉਹਨਾਂ ਦਾ ਨਾਮ ਗੁਰੂ ਅੰਗਦ 'ਚ ਤਬਦੀਲ ਕਰ ਦਿੱਤਾ, ਜਿਸ ਦਾ ਅਰਥ ਹੈ "ਇਕ ਬਹੁਤ ਹੀ ਆਪਣਾ" ਜਾਂ "ਤੁਹਾਡਾ ਆਪਣਾ ਹਿੱਸਾ"। ਭਾਈ ਲਹਿਣੇ ਜੀ ਨੂੰ ਵਾਰਸ ਐਲਾਨਣ ਤੋਂ ਕੁਝ ਸਾਲਾਂ ਬਾਅਦ, ਗੁਰੂ ਨਾਨਕ ਜੀ 22 ਸਤੰਬਰ 1539 ਨੂੰ ਕਰਤਾਰਪੁਰ ਵਿਖੇ 70 ਸਾਲ ਦੀ ਉਮਰ ਵਿੱਚ ਜੋਤੀ-ਜੋਤ ਸਮਾਂ ਗਏ।

## ਘਰਾਂ ਦੇ ਵਿਹੜਿਆਂ ਵਿੱਚੋਂ ਘੜੇ ਦੀ ਸਰਦਾਰੀ ਖ਼ਤਮ ਹੋਈ



